**ਅੱਜ ਦਾ ਸ਼ੁਭ ਵਿਚਾਰ**



ਧੀਆਂ ਦਾ ਸਤਿਕਾਰ ਕਰੋ,
ਪੁੱਤਰਾਂ ਵਾਂਗ ਪਿਆਰ ਕਰੋ।
ਜੇਕਰ ਪੁੱਤ ਮਿਠੜੇ ਮੇਵੇ
ਤਾਂ ਧੀਆਂ ਮਿਸ਼ਰੀ ਦੀਆਂ ਡਲੀਆਂ। ਰੁੱਖ ਅਤੇ ਕੁੱਖ ਬਚਾਉਣ ਲਈ ਪੱਤਰਕਾਰ ਬਲਵਿੰਦਰ ਸ਼ਰਮਾ ਦੀ ਬੇਟੀ ਦਾ ਪਹਿਲਾ ਜਨਮ ਦਿਨ ਮਨਾਇਆ ਗਿਆ।

**ਸਮਾਜ ਸੇਵੀ ਬਲਵਿੰਦਰ ਸ਼ਰਮਾ**

ਰੋਜ਼ਾਨਾ ਲੋਕ ਬਾਣੀ
www.lokbani.com



ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਐਤਵਾਰ, 14 ਜੁਲਾਈ 2024



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111



R. N. I. Punpun/29016/2008 * ਸਾਲ 16 , * ਅੰਕ : 41, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111


## ਪਾਕਿਸਤਾਨ ਦੀ ਕੋਰਟ ਨੇ ਇਮਰਾਨ ਖਾਨ ਨੂੰ ਇਦਤ ਮਾਮਲੇ ਵਿੱਚ ਕੀਤਾ ਬਰੀ


ਇਸਲਾਮਾਬਾਦ, (ਲੋਕ ਬਾਣੀ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਇਦਤ ਮਾਮਲੇ ਚ ਬਰੀ ਕਰ ਦਿੱਤਾ ਗਿਆ ਹੈ। ਇਸਲਾਮਾਬਾਦ ਜ਼ਿਲ੍ਹਾ ਅਦਾਲਤ ਨੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਦਿੱਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਮਰਾਨ ਖ਼ਾਨ ਵੱਖ-ਵੱਖ ਮਾਮਲਿਆਂ ਕਾਰਨ ਲਗਭਗ ਇਕ ਸਾਲ ਜੇਲ੍ਹ ਚ ਬਿਤਾ ਚੁੱਕੇ ਹਨ। ਇਮਰਾਨ ਖ਼ਾਨ (71 ਸਾਲ) ਤੇ ਉਨ੍ਹਾਂ



ਦੀ ਪਤਨੀ ਬੁਸ਼ਰਾ ਖਾਨ ਨੂੰ ਫਰਵਰੀ 2024 ਵਿਚ ਪਾਕਿਸਤਾਨ ਦੀਆਂ ਆਮ ਚੋਣਾਂ ਤੋਂ ਕੁਝ ਦਿਨ ਪਹਿਲਾਂ, ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

## ਅਸਾਮ ਵਿੱਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ,

ਗੁਹਾਟੀ (ਲੋਕ ਬਾਣੀ) ਅਸਾਮ ਵਿਚ ਹੜ੍ਹ ਕਾਰਨ ਸ਼ਨੀਵਾਰ ਤੱਕ ਵੀ ਸਥਿਤੀ ਗੰਭੀਰ ਬਣੀ ਹੋਈ ਹੈ, ਹਾਲਾਂਕਿ ਕਈ ਹਿੱਸਿਆਂ ਵਿਚ ਪਾਣੀ ਦਾ ਪੱਧਰ ਘਟਣ ਲੱਗਿਆ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਸਾਮ ਦੇ ਜ਼ਿਆਦਾਤਰ ਹਿੱਸਿਆਂ ਵਿਚ ਮੀਂਹ ਪੈਣ ਦੀ ਸੰਭਾਵਨਾ ਹੈ, ਜਦਕਿ ਕੋਕਰਾਝਾੜ ਜ਼ਿਲ੍ਹੇ ਦੇ ਕੁੱਝ ਹਿੱਸਿਆਂ ਵਿਚ ਭਾਰੀ ਮੀਂਹ ਪੈ ਸਕਦਾ ਹੈ। ਆਫ਼ਤ ਪ੍ਰਬੰਧਨ ਵਿਭਾਗ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ



ਕਿ ਸੂਬੇ ਵਿਚ ਹੜ੍ਹ ਕਾਰਨ 7 ਲੋਕਾਂ ਦੀ ਮੌਤ ਹੋਈ ਹੈ ਅਤੇ 23 ਜ਼ਿਲ੍ਹਿਆਂ ਦੇ 12.33 ਲੱਖ ਲੋਕ ਪ੍ਰਭਾਵਿਤ ਹੋਏ ਹਨ। ਅਸਾਮ ਵਿਚ ਇਸ ਵਰ੍ਹੇ ਹੜ੍ਹ, ਬਿਜਲੀ ਡਿੱਗਣ, ਤੂਫਾਨ ਅਤੇ ਮਿੱਟੀ ਖਿਸਕਣ ਕਾਰਨ ਮਰਨ ਵਾਲੇ ਲੋਕਾਂ ਦੀ ਕੁੱਲ ਗਿਣਤੀ 106 ਹੋ ਗਈ ਹੈ।

## ਫਰਜ਼ੀ ਪੋਸਟ ਸਾਂਝੀ ਕਰਨ ਤੇ ਕੀਤੀ ਕਾਰਵਾਈ

ਮੁੰਬਈ, (ਲੋਕ ਬਾਣੀ) ਇਥੋਂ ਦੀ ਸਾਈਬਰ ਪੁਲੀਸ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਧੀ ਬਾਰੇ ਫ਼ਰਜ਼ੀ ਪੋਸਟ ਸਾਂਝੀ ਕਰਨ 'ਤੇ ਮਸ਼ਹੂਰ ਯੂਟਿਊਬਰ ਧਰੁਵ ਰਾਠੀ ਵਿਰੁੱਧ ਐਫ਼ਆਈਆਰ ਦਰਜ ਕੀਤੀ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਧਰੁਵ ਰਾਠੀ(ਪੈਰੋਡੀ) ਨਾਮ ਦੇ 'ਐਕਸ' ਖਾਤੇ 'ਤੇ ਦਾਅਵਾ ਕੀਤਾ ਗਿਆ ਸੀ ਕਿ ਓਮ ਬਿਰਲਾ ਦੀ ਧੀ ਨੇ ਯੂਪੀਐੱਸਸੀ ਦਾ ਪੇਪਰ





ਬਿਨਾਂ ਪ੍ਰੀਖਿਆ ਵਿਚ ਬੈਠੇ ਹੀ ਪਾਸ ਕਰ ਲਿਆ ਹੈ। ਦਾਅਵਾ ਕਰਨ ਵਾਲੇ ਖਾਤੇ ਦੀ ਪ੍ਰੋਫਾਈਲ ਵਿਚ ਲਿਖਿਆ ਹੈ ਕਿ ਇਹ ਪੈਰੋਡੀ ਖਾਤਾ ਹੈ ਅਤੇ ਇਹ ਧਰੁਵ ਰਾਠੀ ਦੇ ਅਸਲ ਖਾਤੇ ਨਾਲ ਸਬੰਧਤ ਨਹੀਂ ਹੈ।

## ਬੱਚੇ ਵੇਚਣ ਮਾਮਲੇ ਵਿਚ ਪੰਜ ਵਿਅਕਤੀਆਂ ਨੂੰ ਪੁਲਿਸ ਨੇ ਕੀਤਾ ਕਾਬੂ

ਨਵੀਂ ਦਿੱਲੀ,(ਲੋਕ ਬਾਣੀ)ਅਗਵਾ ਕਰਨ ਤੋਂ ਬਾਅਦ ਪੈਸਿਆਂ ਲਈ ਵੇਚੇ ਇਕ ਬੱਚੇ ਨੂੰ ਦਿੱਲੀ ਪੁਲੀਸ ਵੱਲੋਂ ਲਗਾਤਾਰ ਕਾਰਵਾਈ ਕਰਦਿਆਂ ਬਚਾਅ ਲਿਆ ਗਿਆ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਇਕ ਮਹਿਲਾ ਸਮੇਤ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 6 ਜੂਨ ਦੀ ਰਾਤ ਤੋਂ ਕ੍ਰਿਸ਼ਨ ਵਿਹਾਰ ਦੇ ਕਾਂਝਵਾਲਾ ਰੋਡ ਤੋਂ 1 ਸਾਲ ਦਾ ਇਕ ਲੜਕਾ ਲਾਪਤਾ ਹੋਣ ਬਾਰੇ ਮਹਿਲਾ ਵੱਲੋ ਸ਼ਿਕਾਇਤ ਦਰਜ ਕਰਵਾਈ ਗਈ ਸੀ।

ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਅਤੇ ਸ਼ੱਕੀ



ਵਿਅਕਤੀਆਂ ਦੇ ਕਾਲ ਵੇਰਵਿਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਬੱਚੇ ਨੂੰ ਅਗਵਾ ਕਰਨ ਦੀ ਦੋਸ਼ੀ ਔਰਤ ਨੂੰ ਕ੍ਰਿਸ਼ਨ ਵਿਹਾਰ ਦਿੱਲੀ ਤੋਂ ਕਾਬੂ ਕੀਤਾ ਗਿਆ। ਜਿਸ ਨੇ ਪੁੱਛਗਿੱਛ ਦੌਰਾਨ ਪੁਲੀਸ ਨੂੰ ਦੱਸਿਆ ਕਿ ਉਸ ਨੇ ਸ਼ਿਕਾਇਤਕਰਤਾ ਤੋਂ ਬੱਚਾ ਡੇਢ ਲੱਖ ਰੁਪਏ 'ਚ ਲਿਆ ਸੀ ਅਤੇ ਦੋ ਲੱਖ ਦਸ ਹਜ਼ਾਰ ਰੁਪਏ ਵਿੱਚ ਕਿਸੇ ਹੋਰ ਔਰਤ ਨੂੰ ਵੇਚ ਦਿੱਤਾ।

## ਕੇਂਦਰੀ ਏਜੰਸੀਆਂ ਵੱਲੋਂ ਸਖ਼ਤ ਕਾਰਵਾਈ ਖ਼ਿਲਾਫ਼ ਪੱਤਰ ਲਿਖ ਕੇ ਮੰਗੀ ਮਦਦ

ਇੰਫਾਲ, (ਲੋਕ ਬਾਣੀ)
ਮਨੀਪੁਰ ਦੇ 'ਮੂਲਵਾਸੀ ਆਦਿਵਾਸੀ ਆਗੂਆਂ ਦੇ ਮੰਚ' (ਆਈਟੀਐੱਲਐੱਫ) ਨੇ ਨਸਲੀ ਹਿੰਸਾ ਪ੍ਰਭਾਵਿਤ ਸੂਬੇ ਵਿੱਚ ਕੇਂਦਰੀ ਏਜੰਸੀਆਂ ਵੱਲੋਂ ਕੂਕੀ-ਜ਼ੋਅ ਦੇ ਪੇਂਡੂ ਵਾਲੰਟੀਅਰਾਂ ਖ਼ਿਲਾਫ਼ ਕੀਤੀ ਜਾ ਰਹੀ ਕਥਿਤ ਸਖ਼ਤ ਕਾਰਵਾਈ 'ਤੇ ਫ਼ਿਕਰ ਜ਼ਾਹਿਰ ਕਰਦਿਆਂ ਅੱਜ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਅਜਿਹੀਆਂ ਕਈ ਘਟਨਾਵਾਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਪੱਤਰ ਵਿੱਚ ਜਿਰੀਬਾਮ ਦੇ ਫੈਟੋਲ



ਅਤੇ ਮੌਂਗਬੁੰਗ ਪਿੰਡਾਂ ਵਿੱਚ ਵਾਪਰੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ ਹੈ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਸੁਰੱਖਿਆ ਬਲਾਂ ਨੇ ਇਨ੍ਹਾਂ ਪਿੰਡਾਂ ਵਿੱਚ ਸੱਤ ਕੂਕੀ ਔਰਤਾਂ 'ਤੇ ਕਥਿਤ ਹਮਲਾ ਹਮਲੇ ਕਰ ਕੇ ਦੋ ਪੇਂਡੂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

## ਪੰਜਾਬ ਪੁਲਿਸ ਨੇ ਬੋਰਵੈਲ ਵਿਚ ਡਿੱਗੀਆਂ ਬੱਚੇ ਨੂੰ ਸੁਰੱਖਿਅਤ ਕੱਢਿਆ

ਫਾਜ਼ਿਲਕਾ, (ਲੋਕ ਬਾਣੀ) ਫਾਜ਼ਿਲਕਾ ਦਾਣਾ ਮੰਡੀ ਵਿੱਚ ਇੱਕ ਬੋਰਵੈੱਲ ਵਿੱਚ ਡਿੱਗੇ ਬੱਚੇ ਨੂੰ ਫਾਜ਼ਿਲਕਾ ਪ੍ਰਸ਼ਾਸਨ ਦੀ ਮੁਸਤੈਦੀ ਨਾਲ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਬੱਚੇ ਨੂੰ ਇਲਾਜ ਲਈ ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਭਰਤੀ ਕਰਵਾਇਆ ਗਿਆ ਹੈ। ਡਾਕਟਰਾਂ ਅਨੁਸਾਰ ਬੱਚਾ ਹੁਣ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਉਸ ਨੂੰ ਕੁਝ ਸਮੇਂ ਲਈ ਡਾਕਟਰੀ ਦੇਖ-ਰੇਖ ਵਿੱਚ ਰੱਖਿਆ ਗਿਆ ਹੈ।

ਹਸਪਤਾਲ ਪਹੁੰਚੇ ਡਿਪਟੀ ਕਮਿਸ਼ਨਰ ਡਾ. ਸ਼ੇਨੂ ਦੁੱਗਲ ਨੇ ਦੱਸਿਆ ਕਿ ਜਿਉਂ ਹੀ ਘਟਨਾ ਦੀ



ਸੂਚਨਾ ਮਿਲੀ ਤਾਂ ਜ਼ਿਲ੍ਹਾ ਪ੍ਰਸ਼ਾਸਨ ਨੇ ਤੁਰੰਤ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਸੀ। ਜ਼ਿਲ੍ਹਾ ਪ੍ਰਸ਼ਾਸਨ ਤਰਫ਼ੋਂ ਏਡੀਸੀ ਜਨਰਲ ਰਾਕੇਸ਼ ਕੁਮਾਰ ਪੋਪਲੀ ਦੀ ਦੇਖ-ਰੇਖ ਵਿੱਚ ਫਾਇਰ ਬ੍ਰਿਗੇਡ ਅਤੇ ਗਰੀਨ ਐੱਸ ਫੋਰਸ ਦੇ ਵਾਲੰਟੀਅਰਾਂ ਨੇ ਮੌਕੇ 'ਤੇ ਕਾਰਵਾਈ ਆਰੰਭੀ। ਸਿਹਤ ਟੀਮਾਂ ਮੌਕੇ 'ਤੇ ਬੁਲਾਈਆਂ ਗਈਆਂ ਅਤੇ ਐੱਨਡੀਆਰਐੱਫ ਤੇ ਫ਼ੌਜ ਨੂੰ ਵੀ ਸੂਚਿਤ ਕੀਤਾ ਗਿਆ।

## ਜਲੰਧਰ ਚ ਆਪ ਦੀ ਜਿੱਤ ਕਾਰਨ ਪਾਰਟੀ ਨੂੰ ਮਿਲੀ ਆਕਸੀਜਨ

ਜਲੰਧਰ, (ਲੋਕ ਬਾਣੀ ) ਜਲੰਧਰ ਪੱਛਮੀ ਜ਼ਿਮਨੀ ਚੋਣਾਂ ਚ ਆਪ ਦੇ ਉਮੀਦਵਾਰ ਮੋਹਿੰਦਰ ਦੀ ਜਿੱਤ ਤੋ ਬਾਅਦ ਹਰ ਛੋਟਾਂ ਵੱਡਾ ਲੀਡਰ ਵਾਹ ਵਾਹ ਖੱਟ ਰਿਹਾ ਹੈ ਤੇ ਮੰਤਰੀ ਤੇ ਨੇਤਾ ਵਧਾਈ ਦਿੰਦੇ ਨਜ਼ਰ ਆ ਰਹੇ ਹਨ ਤੇ ਸਰਕਾਰ ਦਿਆਂ ਉਪਲੱਬਧੀਆਂ ਗਿਣਾ ਰਹੇ ਹਨ ਆਮ ਆਦਮੀ ਪਾਰਟੀ ਭਗਵੰਤ ਮਾਨ ਦੀ ਸਰਕਾਰ ਨੇ ਇਸ ਸੀਟ ਨੂੰ ਜਿੱਤ ਕੇ ਆਕਸੀਜਨ ਦਾ ਕੰਮ




ਕੀਤਾ ਹੈ ਹੁਣ ਪੰਜਾਬ ਅੰਦਰ ਥੋੜਾ ਪ੍ਰਭਾਵ ਬਣਿਆ ਰਹੇਗਾ

## ਪੁਲਿਸ ਨੇ ਹਥਿਆਰਾਂ ਸਮੇਤ ਗੈਂਗਸਟਰ ਨੂੰ ਕੀਤਾ ਗ੍ਰਿਫਤਾਰ

ਲੁਧਿਆਣਾ ( ਲੋਕ ਬਾਣੀ) ਸੀਆਈਏ ਪੁਲੀਸ ਨੇ ਗੈਂਗਸਟਰ ਸਾਗਰ ਨਿਊਟਨ ਗੈਂਗ ਦੇ ਤਿੰਨ ਲੁਟੇਰਿਆਂ ਨੂੰ ਵੱਡੀ ਵਾਰਦਾਤ ਦੀ ਯੋਜਨਾ ਬਣਾਉਂਦਿਆਂ ਨਾਜਾਇਜ਼ ਪਿਸਤੌਲ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਏਸੀਪੀ ਕ੍ਰਾਈਮ ਰਾਜ ਕੁਮਾਰ ਨੇ ਦੱਸਿਆ ਕਿ ਇੰਸਪੈਕਟਰ ਨਵਦੀਪ ਸਿੰਘ ਦੀ ਦੇਖ-ਰੇਖ ਹੇਠ ਥਾਣੇਦਾਰ ਦਰਸ਼ਨ ਸਿੰਘ ਦੀ ਅਗਵਾਈ ਹੇਠ ਪੁਲੀਸ ਪਾਰਟੀ ਨੇ ਗਸ਼ਤ ਦੌਰਾਨ ਪੀਏਯੂ ਰੋਡ ਸਥਿਤ ਅਲਟੋਸ ਨਗਰ ਦੇ ਇੱਕ ਤਿਕੋਣਾ ਪਲਾਟ ਕੋਲ ਸੁੰਨਸਾਨ



ਜਗ੍ਹਾ 'ਤੇ ਖੋਹ ਕਰਨ ਦੀ ਤਾਕ ਵਿੱਚ ਘੁੰਮਦਿਆਂ ਮਾਹੀ ਗਿੱਲ ਵਾਸੀ ਕੁੰਦਨਪੁਰੀ, ਸਾਗਰ ਨਿਊਟਨ ਦੇ ਭਰਾ ਸੁਮਿਤ ਕੁਮਾਰ ਅਤੇ ਕੀਰਤ ਕੁਮਾਰ ਵਾਸੀ ਐਲਆਈਜੀ ਫਲੈਟ ਫੇਜ- 3 ਦੁੱਗਰੀ ਨੂੰ ਕਾਬੂ ਕੀਤਾ।

## ਕਰੰਟ ਲੱਗਣ ਨਾਲ ਦੋ ਪਸ਼ੂਆਂ ਦੀ ਹੋਈ ਮੌਤ

ਗੁਰਦਾਸਪੁਰ, (ਲੋਕ ਬਾਣੀ) ਪਿੰਡ ਪੂਰੋਵਾਲ ਅਰਾਈਆਂ ਵਿੱਚ ਕਰੰਟ ਲੱਗਣ ਨਾਲ ਦੋ ਪਸ਼ੂਆਂ ਦੀ ਮੌਤ ਹੋ ਗਈ। ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਘਰ ਦੇ ਨਜ਼ਦੀਕ ਬਣਾਈ ਹਵੇਲੀ ਵਿੱਚ ਪਸ਼ੂ ਬੰਨ੍ਹੇ ਹੋਏ ਸਨ। ਪੱਖੇ ਵਿੱਚ ਖ਼ਰਾਬੀ ਕਾਰਨ ਕਰੰਟ ਸ਼ੈੱਡ ਨਾਲ ਲੱਗੇ ਗਾਰਡਰਾਂ ਵਿੱਚ ਆ ਗਿਆ ਜਿਸ ਕਾਰਨ ਸ਼ੈੱਡ ਥੱਲੇ ਬੰਨ੍ਹੇ ਪਸ਼ੂ ਵੀ ਕਰੰਟ ਦੀ ਲਪੇਟ ਵਿੱਚ ਆ ਗਏ। ਇਸ ਬਾਰੇ ਪਤਾ ਲੱਗਣ 'ਤੇ ਜਦੋਂ ਉਨ੍ਹਾਂ ਨੇ



ਬਿਜਲੀ ਦਾ ਸਵਿੱਚ ਬੰਦ ਕੀਤਾ ਉਦੋਂ ਤਕ ਇੱਕ ਗਾਂ ਅਤੇ ਇੱਕ ਮੱਝ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਗਾਂ ਦੀ ਕੀਮਤ ਕਰੀਬ 30 ਹਜ਼ਾਰ ਤੇ ਮੱਝ 60 ਹਜ਼ਾਰ ਰੁਪਏ ਦੇ ਕਰੀਬ ਕੀਮਤ ਵਾਲੀ ਸੀ।

# 223 ਪੱਤਰਕਾਰ ਦੀ ਪਤਨੀ ਅਤੇ ਦੋ ਧੀਆਂ ਦਾ ਬੇਰਹਿਮੀ ਨਾਲ ਕਤਲ

ਬ੍ਰਿਟੇਨ/ ਲੰਡਨ—(ਲੋਕ ਬਾਣੀ)
ਬ੍ਰਿਟੇਨ ਦੀ ਰਾਜਧਾਨੀ ਲੰਡਨ 'ਚ ਮੰਗਲਵਾਰ ਸ਼ਾਮ ਨੂੰ ਤਿੰਨ ਔਰਤਾਂ ਦੀ ਕਰਾਸਬੋ, ਕਮਾਨ ਅਤੇ ਤੀਰ ਵਰਗੇ ਹਥਿਆਰ ਨਾਲ ਹੱਤਿਆ ਕਰ ਦਿੱਤੀ ਗਈ। ਤਿੰਨਾਂ ਦੀ ਪਛਾਣ 223 ਪੱਤਰਕਾਰ ਦੀ ਪਤਨੀ ਅਤੇ ਉਸ ਦੀਆਂ ਦੋ ਧੀਆਂ ਵਜੋਂ ਹੋਈ ਹੈ। ਪੁਲਿਸ ਅਜੇ ਵੀ ਕਾਤਲ ਦੀ ਭਾਲ ਕਰ ਰਹੀ ਹੈ।

ਨਵ ਭਾਰਤ ਟਾਈਮਜ਼ ਦੀ ਰਿਪੋਰਟ ਮੁਤਾਬਿਕ, ਪੁਲਿਸ ਨੇ ਕਿਹਾ ਕਿ ਉਹ ਮੌਤਾਂ ਦੇ ਸਬੰਧ ਵਿੱਚ ਇੱਕ 26 ਸਾਲਾ ਵਿਅਕਤੀ ਦੀ ਭਾਲ ਕਰ ਰਹੇ ਹਨ। ਪੁਲਿਸ ਨੂੰ ਮੰਗਲਵਾਰ ਸ਼ਾਮ ਨੂੰ ਰਿਪੋਰਟਾਂ ਮਿਲੀਆਂ ਕਿ ਬੁਸ਼ੇ, ਹਰਟਫੋਰਡਸ਼ਾਇਰ ਵਿੱਚ ਇੱਕ ਘਰ ਵਿੱਚ ਤਿੰਨ ਔਰਤਾਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈਆਂ, ਜਿਨ੍ਹਾਂ ਦੀ ਬਾਅਦ ਵਿੱਚ ਮੌਤ ਹੋ ਗਈ।

ਮੰਨਿਆ ਜਾ ਰਿਹਾ ਹੈ ਕਿ ਤੀਹਰੇ ਕਤਲ ਵਿੱਚ ਇੱਕ ਕਰਾਸਬੋ ਦੀ ਵਰਤੋਂ ਕੀਤੀ ਗਈ ਸੀ, ਹਾਲਾਂਕਿ ਪੁਲਿਸ ਨੇ ਬੁੱਧਵਾਰ ਨੂੰ ਕਿਹਾ ਕਿ ਹੋਰ ਹਥਿਆਰ ਵੀ ਵਰਤੇ ਗਏ ਹੋ ਸਕਦੇ ਹਨ। ਪੁਲਿਸ ਨੇ ਲੋਕਾਂ ਨੂੰ ਸ਼ੱਕੀ ਵਿਅਕਤੀ ਦੇ ਨੇੜੇ ਨਾ ਜਾਣ ਲਈ ਕਿਹਾ ਹੈ।

ਕੀ ਕਿਹਾ ਬ੍ਰਿਟਿਸ਼ ਗ੍ਰਹਿ ਮੰਤਰੀ ਨੇ

ਬ੍ਰਿਟੇਨ ਦੀ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਕਿਹਾ ਹੈ ਕਿ ਪੁਲਸ ਉਸ ਨੂੰ ਚੱਲ ਰਹੀ ਤਲਾਸ਼ੀ ਬਾਰੇ ਪੂਰੀ ਜਾਣਕਾਰੀ ਦੇ ਰਹੀ ਹੈ। ਕੂਪਰ ਨੇ ਬੁੱਧਵਾਰ ਨੂੰ ਟਵਿੱਟਰ 'ਤੇ ਲਿਖਿਆ: ਬੀਤੀ ਰਾਤ ਬੁਸ਼ਹਾਈ ਵਿੱਚ ਤਿੰਨ ਔਰਤਾਂ ਦੀ ਮੌਤ ਸੱਚਮੁੱਚ ਹੈਰਾਨ ਕਰਨ ਵਾਲੀ ਹੈ।

ਉਨ੍ਹਾਂ ਕਿਹਾ, ਮੈਨੂੰ ਪੂਰੀ ਜਾਣਕਾਰੀ ਦਿੱਤੀ ਜਾ ਰਹੀ ਹੈ। ਮੈਂ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਹਰਟਫੋਰਡਸ਼ਾਇਰ ਪੁਲਿਸ ਨੂੰ ਇਸ ਕੇਸ ਬਾਰੇ ਕਿਸੇ ਵੀ ਜਾਣਕਾਰੀ ਨਾਲ ਸਹਾਇਤਾ ਕਰਨ।




## ਜਨਮ ਦਿਨ ਮੁਬਾਰਕ




ਸਮਰਦੀਪ ਸਿੰਘ ਨੂੰ ਜਨਮਦਿਨ ਦੀਆਂ ਮੁਬਾਰਕਾਂ

# ਮੌਸਮ ਵਿਭਾਗ ਵਲੋਂ ਪੰਜਾਬ 'ਚ ਭਾਰੀ ਮੀਂਹ ਪੈਣ ਦੀ ਚੇਤਾਵਨੀ



ਚੰਡੀਗੜ੍ਹ/ ਨਵੀਂ ਦਿੱਲੀ-(ਲੋਕ ਬਾਣੀ ) ਪੰਜਾਬ ਸਮੇਤ 10 ਰਾਜਾਂ ਵਿਚ ਭਾਰੀ ਮੀਂਹ ਪੈਣ ਬਾਰੇ ਅਲਰਟ ਮੌਸਮ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਹੈ। ਦੱਸ ਦਈਏ ਕਿ, ਕੁਝ ਥਾਵਾਂ 'ਤੇ ਮਾਨਸੂਨ ਦੀ ਬਾਰਸ਼ ਨਾ ਹੋਣ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰੀ ਮੀਂਹ ਕਾਰਨ ਕਈ ਥਾਵਾਂ 'ਤੇ ਹੜ੍ਹ ਵਰਗੀ ਸਥਿਤੀ ਬਣ ਗਈ ਹੈ। ਕਈ ਥਾਵਾਂ 'ਤੇ ਆਮ ਨਾਲੋਂ ਘੱਟ ਮੀਂਹ ਪੈਣ ਕਾਰਨ ਲੋਕਾਂ ਨੂੰ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਿਸਾਨ ਬਿਜਾਈ ਨੂੰ ਲੈ ਕੇ ਚਿੰਤਤ ਹਨ।

ਪੂਰੇ ਦੇਸ਼ 'ਚ ਮਾਨਸੂਨ ਸਰਗਰਮ ਹੋ ਗਿਆ ਹੈ। ਪੰਜਾਬ ਸਮੇਤ ਉੱਤਰ ਭਾਰਤ ਦੇ ਕਈ ਹਿੱਸਿਆਂ ਵਿਚ ਚੰਗੀ ਬਾਰਿਸ਼ ਹੋਈ। ਜਦੋਂ ਕਿ ਰਾਜਧਾਨੀ ਦਿੱਲੀ ਦੇ ਜ਼ਿਆਦਾਤਰ ਇਲਾਕੇ ਸੁੱਕੇ ਰਹੇ।

ਇਸ ਦੇ ਨਾਲ ਹੀ ਬਿਹਾਰ ਅਤੇ ਯੂਪੀ ਸਮੇਤ ਮੈਦਾਨੀ ਰਾਜਾਂ ਵਿੱਚ ਰੁਕ-ਰੁਕ ਕੇ ਚੰਗੀ ਬਾਰਿਸ਼ ਹੋ ਰਹੀ ਹੈ।

ਭਾਰਤੀ ਮੌਸਮ ਵਿਭਾਗ (IMD) ਨੇ ਪੰਜਾਬ, ਹਰਿਆਣਾ, ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਰਾਜਸਥਾਨ, ਉੱਤਰਾਖੰਡ, ਛੱਤੀਸਗੜ੍ਹ, ਝਾਰਖੰਡ, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਦਿੱਤੀ ਹੈ। ਮੇਘਾਲਿਆ, ਗੁਜਰਾਤ, ਗੋਆ, ਪੱਛਮੀ ਬੰਗਾਲ, ਸਿੱਕਮ, ਆਂਧਰਾ ਪ੍ਰਦੇਸ਼, ਕਰਨਾਟਕ, ਅਸਾਮ ਵਿੱਚ ਵੀ ਮੀਂਹ ਪੈ ਸਕਦਾ ਹੈ।

ਪਹਾੜੀ ਰਾਜਾਂ ਦੀ ਗੱਲ ਕਰੀਏ ਤਾਂ ਮੌਸਮ ਵਿਭਾਗ ਨੇ ਅੱਜ ਹਿਮਾਚਲ ਵਿੱਚ ਮੀਂਹ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇਗਰਜ ਅਤੇ ਬਿਜਲੀ ਡਿੱਗਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਦੇ ਨਾਲ ਹੀ ਵਿਭਾਗ ਨੇ ਯੈਲੋ ਅਲਰਟ ਵੀ ਜਾਰੀ ਕੀਤਾ ਹੈ। ਸੂਬੇ ਵਿੱਚ 15 ਜੁਲਾਈ ਤੱਕ ਰੁਕ-ਰੁਕ ਕੇ ਮੀਂਹ ਪੈਣ ਦਾ ਅਲਰਟ ਜਾਰੀ ਕੀਤਾ ਗਿਆ ਹੈ।

# ਹਰਿਆਣਾ ਚ ਭਾਊ ਗੈਂਗ ਦੇ 3 ਸ਼ਾਰਪਸ਼ੂਟਰਾਂ ਦਾ ਐਨਕਾਊਂਟਰ, ਸੋਨੀਪਤ ਚ ਦੇਰ ਰਾਤ ਹੋਇਆ ਮੁਕਾਬਲਾ, 1 ਪੁਲਿਸ ਮੁਲਾਜ਼ਮ ਜ਼ਖਮੀ



ਸੋਨੀਪਤ:(ਲੋਕ ਬਾਣੀ ) ਹਰਿਆਣਾ ਦੇ ਸੋਨੀਪਤ ਚ ਸ਼ੁੱਕਰਵਾਰ ਦੇਰ ਰਾਤ ਨੂੰ ਪੁਲਿਸ ਅਤੇ ਬਦਮਾਸ਼ਾਂ ਵਿਚਾਲੇ ਮੁਕਾਬਲਾ ਹੋਇਆ। ਇਸ ਵਿੱਚ ਬਦਨਾਮ ਗੈਂਗਸਟਰ ਫਿਰੌਤੀ ਕਿੰਗ ਹਿਮਾਂਸ਼ੂ ਭਾਊ ਗੈਂਗ ਦੇ 3 ਸ਼ਾਰਪ ਸ਼ੂਟਰਾਂ ਨੂੰ ਪੁਲਿਸ ਨੇ ਮਾਰ ਮੁਕਾਇਆ। ਇਸ ਦੌਰਾਨ ਦਿੱਲੀ ਕ੍ਰਾਈਮ ਬ੍ਰਾਂਚ ਦੇ ਸਬ-ਇੰਸਪੈਕਟਰ ਅਰੁਣ ਨੂੰ ਵੀ ਗੋਲੀ ਮਾਰ ਦਿੱਤੀ ਗਈ। ਪੁਲਸ ਨੇ ਰਾਤ ਨੂੰ ਹੀ ਤਿੰਨਾਂ ਬਦਮਾਸ਼ਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਚ ਲੈ ਕੇ ਹਸਪਤਾਲ ਪਹੁੰਚਾਇਆ।

ਪੁਲਿਸ ਮੁਕਾਬਲੇ ਚ ਮਾਰੇ ਗਏ ਬਦਮਾਸ਼ਾਂ ਦੀ ਪਹਿਚਾਣ ਹਿਸਾਰ ਦੇ ਰਹਿਣ ਵਾਲੇ ਅਸ਼ੀਸ਼ ਉਰਫ਼ ਲਾਲੂ, ਹਿਸਾਰ ਦੇ ਪਿੰਡ ਖਰੜ ਦੇ ਰਹਿਣ ਵਾਲੇ ਸੰਨੀ ਖਰੜ ਅਤੇ ਸੋਨੀਪਤ ਦੇ ਗੋਹਾਨਾ ਦੇ ਪਿੰਡ ਰਿੰਧਾਨਾ ਦੇ ਰਹਿਣ ਵਾਲੇ ਵਿੱਕੀ ਵਜੋਂ ਹੋਈ ਹੈ। ਉਹ ਹਿਸਾਰ ਵਿੱਚ ਕਾਰੋਬਾਰੀਆਂ ਤੋਂ ਮੰਗੀ ਫਿਰੌਤੀ ਸਮੇਤ ਕਈ ਕਤਲਾਂ ਅਤੇ ਹੋਰ ਘਟਨਾਵਾਂ ਵਿੱਚ ਸ਼ਾਮਲ ਹੈ। ਪੁਲੀਸ ਨੇ ਉਸ ਦੀ ਗ੍ਰਿਫ਼ਤਾਰੀ 'ਤੇ ਲੱਖਾਂ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਹਰਿਆਣੇ ਅਤੇ ਦਿੱਲੀ ਵਿੱਚ ਲੁੱਟ, ਕਤਲ, ਜਬਰੀ ਵਸੂਲੀ ਵਰਗੇ 29 ਕੇਸ ਦਰਜ ਹਨ। ਪੁਲਿਸ ਲੰਬੇ ਸਮੇਂ ਤੋਂ ਉਨ੍ਹਾਂ ਦੀ ਭਾਲ ਕਰ ਰਹੀ ਸੀ।

ਜਾਣਕਾਰੀ ਮੁਤਾਬਕ ਸੋਨੀਪਤ ਦੇ ਖਰਖੌਦਾ ਪਿੰਡ ਚ ਛੀਨੌਲੀ ਬਾਈਪਾਸ ਤੇ ਸੋਨੀਪਤ ਐੱਸ.ਟੀ.ਐੱਫ. (ਸਪੈਸ਼ਲ ਟਾਸਕ ਫੋਰਸ) ਅਤੇ ਨਵੀਂ ਦਿੱਲੀ ਰੇਂਜ ਪੁਲਸ ਵੱਲੋਂ ਇਹ ਸਾਂਝਾ ਆਪ੍ਰੇਸ਼ਨ ਚਲਾਇਆ ਗਿਆ। ਪੁਲਿਸ ਨੇ ਇਨ੍ਹਾਂ ਬਦਮਾਸ਼ਾਂ ਕੋਲੋਂ 5 ਆਟੋਮੈਟਿਕ ਹਥਿਆਰ ਵੀ ਬਰਾਮਦ ਕੀਤੇ ਹਨ।

# ਆਪ ਪਾਰਟੀ ਨੇ ਜਲੰਧਰ ਦੀ ਜਿਮਨੀ ਚੋਣ ਜਿੱਤ ਕੇ ਵਿਰੋਧੀਆਂ ਦੇ ਭਰਮ ਭੁਲੇਖੇ ਕੀਤੇ ਦੂਰ ਸ਼ੇਰਪੁਰ/ ਔਲਖ/ਕਾਕਾ/ ਬੜੀ

## ਪਾਰਟੀ ਆਗੂਆਂ ਵਿੱਚ ਖੁਸ਼ੀ ਦੀ ਲਹਿਰ, ਮੁੱਖ ਮੰਤਰੀ ਨੂੰ ਦਿੱਤੀ ਵਧਾਈ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਆਮ ਆਦਮੀ ਪਾਰਟੀ ਨੇ ਜਲੰਧਰ ਵੈਸਟ ਦੀ ਜਿਮਨੀ ਚੋਣ ਮੋਹਿੰਦਰ ਭਗਤ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਰੋਧੀਆਂ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ। ਇਸ ਜਿੱਤ ਦੀ ਖੁਸ਼ੀ ਨੂੰ ਲੈ ਕੇ ਸਮੁੱਚੇ ਪੰਜਾਬ ਅੰਦਰ ਖੁਸ਼ੀ ਦਾ ਮਾਹੌਲ ਛਾਇਆ ਹੋਇਆ ਹੈ।

ਇਿਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਰਾਜਵਿੰਦਰ ਸਿੰਘ ਸ਼ੇਰਪੁਰ, ਹੈਪੀ ਔਲਖ, ਹਰਜਿੰਦਰ ਸਿੰਘ ਕਾਕਾ ਅਤੇ ਨੌਜਵਾਨ ਆਗੂ ਮਨਵੀਰ ਸਿੰਘ ਬੜੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਹੈ ਕਿ ਕੁਝ ਸਮਾਂ ਪਹਿਲਾਂ ਹੀ ਜਲੰਧਰ ਤੋਂ ਭਾਵੇਂ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵੋਟਰਾਂ ਨੇ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਜਰੂਰ ਭੇਜਿਆ ਸੀ ਪਰੰਤੂ ਹੁਣ ਜਲੰਧਰ ਵੈਸਟ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੇ ਕੀਤੇ ਭਰੋਸਾ ਜਿਤਾਉਂਦੇ ਹੋਏ ਉਮੀਦਵਾਰ ਮੋਹਿੰਦਰ ਭਗਤ ਨੂੰ ਇਥੋਂ ਵੱਡੀ ਲੀਡ ਨਾਲ ਜਿਤਾ ਕੇ ਪਾਰਟੀ ਨੂੰ ਵੱਡਾ ਮਾਣ ਦਿੱਤਾ ਹੈ। ਉਨਾਂ ਅੱਗੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਅਤੇ ਹੋਰ ਜੁਝਾਰੂ ਆਗੂਆਂ ਵੱਲੋਂ ਕੀਤੀ ਦਿਨ ਰਾਤ ਮਿਹਨਤ ਦਾ ਇਹ ਸਿੱਟਾ ਹੈ। ਉਹਨਾਂ ਇਹ ਵੀ ਦੱਸਿਆ ਕਿ ਭਾਜਪਾ ਅਤੇ ਕਾਂਗਰਸ ਦੇ ਉਮੀਦਵਾਰਾਂ ਨੇ ਇਸ ਸੀਟ ਨੂੰ ਜਿੱਤਣ ਲਈ ਭਾਵੇਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਹੋਇਆ ਸੀ ਪਰੰਤੂ ਜਲੰਧਰ ਵਾਸੀਆਂ ਨੇ ਆਪਣੀ ਮੱਤ ਦਾ ਦਾਨ ਕਰਦੇ ਹੋਏ ਇਹ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਪਾਈ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਲੋਕਾਂ ਨੂੰ ਸਸਤੀ ਬਿਜਲੀ, ਪਾਣੀ, ਸਕੂਲਾਂ ਦੀ ਹਾਲਤ ਵਿੱਚ ਸੁਧਾਰ, ਕਿਸਾਨਾਂ ਨੂੰ ਸਮੇਂ ਸਿਰ ਬਿਜਲੀ ਦੇਣ ਤੋਂ ਇਲਾਵਾ ਹੋਰ ਵੀ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਜਦੋਂ ਕਿ ਇਸ ਤੋਂ ਪਹਿਲਾਂ ਸੂਬੇ ਅੰਦਰ ਰਾਜ ਕਰ ਚੁੱਕੀਆਂ ਸਰਕਾਰਾਂ ਨੇ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਤੋਂ ਸਿਵਾਏ ਨਸ਼ਿਆਂ ਦੀ ਦਲਦਲ ਬਲ ਹੀ ਧੱਕਿਆ ਹੈ। ਜਦੋਂ ਕਿ ਆਮ ਆਦਮੀ ਪਾਰਟੀ ਦੇ ਢਾਈ ਸਾਲਾਂ ਕਾਰਜ ਕਾਲ ਦੌਰਾਨ ਹਰ ਇੱਕ ਆਮ ਆਦਮੀ ਨੂੰ ਪੂਰਾ ਮਾਨ ਸਨਮਾਨ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਜਿੱਥੇ ਸਰਕਾਰੀ ਦਫਤਰਾਂ ਅੰਦਰ ਲੋਕ ਭ੍ਰਿਸ਼ਟਾਚਾਰ ਤੋਂ ਮੁਕਤ ਹੋਏ ਹਨ ਉੱਥੇ ਖੱਜਲ ਖੁਆਰੀ ਬੰਦ ਹੋਈ ਹੈ। ਜਦਕਿ ਆਉਣ ਵਾਲੇ ਸਮੇਂ ਅੰਦਰ ਪਾਰਟੀ ਵੱਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਵੀ ਜਲਦ ਪੂਰਾ ਕਰ ਵਿਖਾਇਆਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੁੱਧੀਜੀਵੀ ਮੰਚ ਦੇ ਹਲਕਾ ਕੋਆਰਡੀਨੇਟਰ ਡਾਕਟਰ ਰਣਜੀਤ ਸਿੰਘ ਕਾਲਾਬੂਲਾ, ਧਲਮਿੰਦਰ ਸਿੰਘ ਬਿੰਨੜ, ਮੇਲ ਮਾਹਮਦਪੁਰ, ਜਸਪ੍ਰੀਤ ਸਿੰਘ ਜੱਸੂ, ਸੰਗਾਰਾ ਸਿੰਘ ਕਾਲਾਬੂਲਾ, ਬਲਦੇਵ ਸਿੰਘ ਘਨੌਰੀ ਖੁਰਦ, ਪਰਗਟ ਸਿੰਘ ਕਾਲਾਬੂਲਾ, ਤੇਜਿੰਦਰ ਸਿੰਘ ਨਰਵਾਲ,ਹਰਵਿੰਦਰ ਸਿੰਘ ਫੌਜੀ ਆਦਿ ਆਗੂਆਂ ਨੇ ਸਮੁੱਚੇ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ।

# ਭਾਰਤ ਨੇ ਵਿਸ਼ਵ ਸ਼ਾਂਤੀ ਲਈ ਸਲਾਘਾਯੋਗ ਕਦਮ ਚੁੱਕਿਆ: ਡਾ: ਕਮਲਜੀਤ ਟਿੱਬਾ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ )ਯੂਕਰੇਨ ਅਤੇ ਰੂਸ ਦੀ ਜੰਗ ਤੀਸਰੇ ਵਿਸ਼ਵ ਯੁੱਧ ਵੱਲ ਵਧਣ ਦੇ ਸੰਕੇਤ ਦੇ ਰਹੀ ਹੈ। ਪਿਛਲੇ ਦੋ ਸਾਲਾਂ ਤੋਂ ਇਸ ਖ਼ੂਨ ਡੋਲਵੀਂ ਲੜਾਈ ਵਿੱਚ ਭਾਰਤ ਦੀ ਸਥਿਤੀ ਤਲਵਾਰ ਦੀ ਧਾਰ ਤੇ ਚੱਲਣ ਵਾਲੀ ਬਣੀ ਹੋਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਇਸ ਵੇਲੇ ਅੰਤਾਂ ਦੇ ਸੰਜਮ ਵਿੱਚ ਰਹਿੰਦੇ ਹੋਏ ਬਾਕਮਾਲ ਸੰਤੁਲਨ ਬਣਾ ਕੇ ਰੱਖਿਆ ਹੈ।ਇਹ ਵਿਚਾਰ ਕੌਂਸਲ ਆਫ ਹੈਰੀਟੇਜ ਅਤੇ ਇੰਟਰਨੈਸ਼ਨਲ ਪੀਸ, ਕੈਨੇਡਾ ਦੇ ਉਤਰੀ ਭਾਰਤ ਦੇ ਪ੍ਰਧਾਨ ਡਾ ਕਮਲਜੀਤ ਸਿੰਘ ਟਿੱਬਾ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਹਨਾਂ ਅੱਗੇ ਕਿਹਾ ਕਿ ਜਦੋਂ ਸੰਸਾਰ ਦੋ ਵਿਰੋਧੀ ਧੜਿਆਂ ਵਿੱਚ ਵੰਡਿਆ ਹੋਇਆ ਦਿਖਾਈ ਦੇ ਰਿਹਾ ਹੈ ਭਾਰਤ ਦਾ ਇਹ ਸਟੈਂਡ ਵਿਸ਼ਵ ਸ਼ਾਂਤੀ ਲਈ ਬਹੁਤ ਹੀ ਸ਼ਲਾਘਾਯੋਗ ਹੈ।ਡਾ ਟਿੱਬਾ ਨੇ ਇਹ ਵਿਚਾਰ ਕੌਂਸਲ ਦੇ ਚੇਅਰਮੈਨ ਸ੍ਰੀ ਰੋਸ਼ਨ ਪਾਠਕ, ਕੈਨੇਡਾ ਨਾਲ ਸੰਪਰਕ ਕਰਕੇ ਹੀ ਦਿੱਤਾ ਹੈ। ਇਸ ਵੇਲੇ ਪੰਜਾਬ ਚੈਪਟਰ ਦੀ ਪ੍ਰਧਾਨ ਡਾ ਮੋਨਿਕਾ ਮਲਹੋਤਰਾ, ਗੁਰਮੀਤ ਸਿੰਘ ਢੀਂਗਰ,ਡਾ ਅਮਨਦੀਪ ਕੌਰ ਤੇ ਗੁਰਮੇਲ ਸਿੰਘ ਗਰੇਵਾਲ ਵੀ ਹਾਜ਼ਰ ਸਨ। ਸਭਨਾਂ ਦੀ ਹੀ ਸਾਂਝੀ ਆਵਾਜ਼ ਸੀ ਕਿ ਵਿਸ਼ਵ ਅਮਨ ਦੀ ਉਸਾਰੀ ਲਈ ਯਤਨ ਜਾਰੀ ਰਹਿਣੇ ਚਾਹੀਦੇ ਹਨ।

# ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਦੀ ਜਿੱਤ ਦੀ ਖੁਸ਼ੀ ਵਿੱਚ ਵਿਖੇ ਲੱਡੂ




ਸ੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਹਿਮਾਚਲ ਪ੍ਰਦੇਸ਼ ਵਿੱਚ ਹੋਈ ਉੱਪ ਚੋਣ ਦੌਰਾਨ ਡੇਹਰਾ ਗੋਪੀਪੁਰ ਤੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਧਰਮ ਪਤਨੀ ਕਮਲੇਸ਼ ਠਾਕੁਰ ਅਤੇ ਗੁਆਂਢੀ ਹਲਕੇ ਨਾਲਾਗੜ੍ਹ ਤੋਂ ਹਰਦੀਪ ਸਿੰਘ ਬਾਵਾ ਦੀ ਜਿੱਤ ਦੀ ਖੁਸੀ ਵਿੱਚ ਬਾਗੋ—ਬਾਗ ਹੋਏ ਸ੍ਰੀ ਅਨੰਦਪੁਰ ਸਾਹਿਬ ਦੇ ਕਾਂਗਰਸੀਆਂ ਵਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਸਕੱਤਰ ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ ਦੀ ਅਗਵਾਈ ਹੇਠ ਲੱਡੂ ਵੰਡੇ ਗਏ। ਹਕੀਮ ਮਿਨਹਾਸ ਨੇ ਕਿਹਾ ਕਿ ਮੁੱਖ ਮੰਤਰੀ ਸੁੱਖੂ ਸਹੀ ਸ਼ਬਦਾਂ ਵਿੱਚ ਹਿਮਾਚਲ ਪ੍ਰਦੇਸ਼ ਦੇ ਵਿਕਾਸ ਪੁਰਸ਼ ਸਾਬਿਤ ਹੋਏ ਹਨ। ਜਿਨ੍ਹਾਂ ਤਿੰਨ ਉਪ ਚੋਣਾਂ ਵਿੱਚੋਂ ਦੋ ਤੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ।ਉਹਨਾ ਕਿਹਾ ਕਿ ਹੁਣ ਉਮੀਦ ਹੈ ਕਿ ਗੁਆਂਢੀ ਹਲਕਾ ਨਾਲਾਗੜ੍ਹ ਅਤੇ ਡੇਹਰਾ ਵੀ ਬਾਕੀ ਹਲਕਿਆਂ ਵਾਂਗ ਵਿਕਾਸ਼ ਦੀ ਰਾਹ ਤੇ ਚੱਲੇਗਾ। ਉਹਨਾ ਇਹਨਾ ਹਲਕੇ ਦੇ ਲੋਕਾਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਕੁਲਦੀਪ ਸਿੰਘ ਦਿਓਲ, ਹਰਪਾਲ ਸਿੰਘ ਗਿੱਲ, ਨੰਬਰਦਾਰ ਕੁਲਦੀਪ ਸਿੰਘ, ਡਾ. ਆਤਮਾ ਸਿੰਘ ਰਾਣਾ, ਅਰੁਣਦੀਪ ਸੋਨੂੰ, ਗੁਰਚਰਨ ਸਿੰਘ ਮਿਨਹਾਸ, ਰਾਮਜੀ ਦਾਸ ਬਾਲੂ, ਪਾਲ ਸਿੰਘ, ਕੁਲਦੀਪ ਸਿੰਘ ਬੰਗਾ, ਜ਼ੋਤੀ ਕੁਮਾਰ, ਰਾਮ ਪਾਲ, ਓਮ ਪ੍ਰਕਾਸ਼ ਬਿੰਦੂ ਆਦਿ ਹਾਜਰ ਸਨ।

# ਰੋਟਰੀ ਕਲੱਬ ਅਨੰਦਪੁਰ ਸਾਹਿਬ ਵਲੋਂ ਭਾਈ ਜੈਤਾ ਜੀ ਸਰਕਾਰੀ ਹਸਪਤਾਲ ਨੂੰ 2 ਏ ਸੀ ਕੀਤੇ ਭੇਟ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ) ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਭਾਈ ਜੈਤਾ ਜੀ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਨੂੰ ਦੋ ਏ ਸੀ ਭੇਟ ਕੀਤੇ। ਪੱਤਰਕਾਰਾਂ ਨਾਲ ਗੱਲ ਕਰਦਿਆਂ ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਡਾਕਟਰ ਪੀਜੇਐਸ ਕੰਗ ਨੇ ਦੱਸਿਆ ਕਿ ਅੰਤਾਂ ਦੀ ਪੈ ਰਹੀ ਗਰਮੀ ਕਾਰਨ ਸਰਕਾਰੀ ਹਸਪਤਾਲ ਵਿੱਚ ਏਅਰ ਕੰਡੀਸ਼ਨਰ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ ਜਿਸ ਕਰਕੇ ਰੋਟਰੀ ਕਲੱਬ ਦੇ ਨਵੇਂ ਬਣੇ ਪ੍ਰਧਾਨ ਡਾਕਟਰ ਗੁਰਪਾਲ ਢਿੱਲੋਂ ਅਤੇ ਰੋਟੇਰੀਅਨ ਜਗਰੂਪ ਸਿੰਘ ਵੱਲੋਂ ਸਿਵਲ ਹਸਪਤਾਲ ਨੂੰ ਦੋ ਏਸੀ ਲੈ ਕੇ ਦਿੱਤੇ ਗਏ ਹਨ ਇਸ ਮੌਕੇ ਸਿਵਲ ਹਸਪਤਾਲ ਦੇ ਡਾਕਟਰ ਰਣਬੀਰ ਸਿੰਘ ਬੈਂਸ ਨੇ ਰੋਟਰੀ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹਨਾਂ ਦੀ ਸਾਨੂੰ ਬਹੁਤ ਲੋੜ ਸੀ ਅਤੇ ਰੋਟਰੀ ਕਲੱਬ ਵੱਲੋਂ ਪਹਿਲਾਂ ਵੀ ਸਮੇਂ ਸਮੇਂ ਤੇ ਸਰਕਾਰੀ ਹਸਪਤਾਲ ਦੀ ਲੋੜ ਅਨੁਸਾਰ ਮਦਦ ਕੀਤੀ ਗਈ ਉਹਨਾਂ ਦੱਸਿਆ ਕਿ ਕੋਵਿਡ 19 ਦੌਰਾਨ ਸਰਕਾਰੀ ਹਸਪਤਾਲ ਨੂੰ ਰੋਟਰੀ ਕਲੱਬ ਵੱਲੋਂ ਅਤ ਅਧੂਨਿਕ ਬੈਡ, ਆਕਸੀਜਨ ਵਾਲੇ ਸਿਲੰਡਰ ਅਤੇ ਹੋਰ ਬਹੁਤ ਸਾਰਾ ਕੋਵਿਡ ਦਾ ਸਮਾਨ ਭੇਟ ਕੀਤਾ ਗਿਆ ਸੀ ਜਿਸ ਨਾਲ ਕਰੋਨਾ ਦੇ ਮਰੀਜ਼ਾਂ ਨੂੰ ਬਹੁਤ ਜਿਆਦਾ ਫਾਇਦਾ ਹੋਇਆ ਸੀ। ਪਿਛਲੇ ਸਾਲ ਕਲੱਬ ਵੱਲੋਂ ਮਰੀਜਾਂ ਲਈ 100 ਕੰਬਲ ਤੇ 100 ਬੈਡ ਸੀਟ ਲੈ ਕੇ ਦਿੱਤੇ ਗਏ ਸਨ। ਇਸੇ ਤਰ੍ਹਾਂ ਅੱਜ ਵੀ ਇਹਨਾਂ ਵੱਲੋਂ ਦੋ ਏਸੀ ਦੇ ਕੇ ਸਰਕਾਰੀ ਹਸਪਤਾਲ ਦੀ ਮਦਦ ਕੀਤੀ ਗਈ ਹੈ। ਜਿਸ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਇਸ ਮੌਕੇ ਡਾਕਟਰ ਗੁਰਪਾਲ ਢਿੱਲੋ,ਜਗਰੂਪ ਸਿੰਘ, ਗੁਰਜਿੰਦਰ ਸਿੰਘ ਸੀਏ,ਸੁਖਵਿੰਦਰ ਪਾਲ ਸਿੰਘ ਸੁੱਖੂ,ਬਬਲੂ ਰਾਣਾ ਅਗਮਪੁਰ, ਦਵਿੰਦਰ ਸਿੰਘ ਰਾਣਾ,ਗੁਰਚਰਨ ਸਿੰਘ ਘੱਟੀਵਾਲ,ਬਲੱਡ ਬੈਂਕ ਦੇ ਇੰਚਾਰਜ ਬਖਤਾਵਰ ਸਿੰਘ ਰਾਣਾ ਅਤੇ ਉਨਾਂ ਦੀ ਟੀਮ ਸਮੇਤ ਹਸਪਤਾਲ ਦਾ ਸਟਾਫ ਹਾਜਰ ਸੀ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ (ਪੰਡੋਰੀ ਗਰੁੱਪ) ਦੀ ਮੀਟਿੰਗ ਹੋਈ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਮਹਿਲ ਕਲਾਂ ਪੰਡੋਰੀ ਗਰੁੱਪ ਦੀ ਵੱਖ ਵੱਖ ਮੁੱਦਿਆਂ ਤੇ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਦਲਵਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਰਪ੍ਰਸਤ ਅਮਰਜੀਤ ਸਿੰਘ ਕਾਲਸਾਂ ਅਤੇ ਬਲਾਕ ਪ੍ਰਧਾਨ ਦਲਵਾਰ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਤੇ ਮਸਲਿਆਂ ਨੂੰ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾਵੇਗਾ ਪਰ ਢਾਈ ਸਾਲ ਦਾ ਸਮਾਂ ਬੀਤ ਜਾਣ ਤੇ ਵੀ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਮੰਗਾਂ ਪੂਰੀਆਂ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਵੱਲੋ ਹੁਣ ਬੁੱਧੀਜੀਵੀਆਂ ਨੂੰ ਵੀ ਤੰਗ ਪ੍ਰੇਸ਼ਾਨ ਕਰਕੇ ਉਹਨਾਂ ਖਿਲਾਫ਼ ਕਾਲੇ ਕਾਨੂੰਨ ਬਣਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਕਿਹਾ ਕਿ ਕਾਨੂੰਨਾਂ ਤੇ ਮੁੜ ਵਿਚਾਰ ਕੀਤੇ ਜਾਣ ਦੀ ਮੰਗ ਕੀਤੀ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਮੰਗਾਂ ਨੂੰ ਪਹਿਲ ਦੇ ਅਧਾਰ ਤੇ ਲਾਗੂ ਕੀਤਾ ਜਾਵੇ। ਇਸ ਮੌਕੇ ਨਿਰਭੈ ਸਿੰਘ ਨਿਹਾਲਵਾਲ ,ਮੇਜਰ ਸਿੰਘ ਛਾਪਾ, ਜਸਵੰਤ ਸਿੰਘ,ਗੁਰਮੀਤ ਸਿੰਘ ਗਹਿਲ,ਅਮਰਜੀਤ ਸਿੰਘ ਐਮ ਕੇ, ਗੁਰਚਰਨ ਸਿੰਘ ਹੁੰਝਣ ਰਾਜਗੜ੍ਹ,ਬਾਰੂ ਮੁਹੰਮਦ,ਸ਼ੋਮ ਨਾਥ, ਬਚਿੱਤਰ ਸਿੰਘ,ਰਵਿੰਦਰ ਕੁਮਾਰ,ਹਰੀ ਸਿੰਘ ਮੂੰਮ, ਬੇਅੰਤ ਸਿੰਘ ਮੂੰਮ, ਬਲਵੀਰ ਸਿੰਘ,ਜੰਗ ਬਹਾਦਰ ,ਅਨਵਰ ਖਾਨ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਭੋਗਲ ਪਰਿਵਾਰ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਨੂੰ ਦਾਨ ਕੀਤੀ ਐਂਬੂਲੈਂਸ ਲੋਕ ਸੇਵਾ ਲਈ ਰਵਾਨਾ




ਸ਼ਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਬੰਗਾ ਨਿਵਾਸੀ ਸਮਾਜ ਸੇਵੀ ਭੋਗਲ ਪਰਿਵਾਰ ਨੇ ਸਵ: ਸ. ਕਰਨੈਲ ਸਿੰਘ ਭੋਗਲ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਚਾਰ ਦਹਾਕਿਆਂ ਤੋਂ ਮਿਆਰੀ ਸਿਹਤ ਸੇਵਾਵਾਂ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਇੱਕ ਨਵੀਂ ਏਅਰਕੰਡੀਸ਼ਨ ਐਂਬੂਲੈਂਸ ਦਾਨ ਵਿਚ ਦਿੱਤੀ ਹੈ। ਅੱਜ ਸ. ਅਮਰਜੀਤ ਸਿੰਘ ਕਲੇਰਾਂ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਅਤੇ ਸ ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਨੇ ਇਸ ਐਂਬੂਲੈਂਸ ਨੂੰ ਹਰੀ ਝੰਡੀ ਦਿਖਾ ਕੇ ਲੋਕ ਸੇਵਾ ਲਈ ਰਵਾਨਾ ਕੀਤਾ। ਇਸ ਮੌਕੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਸ ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਚਾਲੀ ਸਾਲਾ ਸਥਾਪਨਾ ਦਿਵਸ ਮੌਕੇ ਸਮਾਜ ਸੇਵੀ ਭੋਗਲ ਪਰਿਵਾਰ ਬੰਗਾ ਵੱਲੋਂ ਸਵ: ਸ. ਕਰਨੈਲ ਸਿੰਘ ਭੋਗਲ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿਚ ਨਵੀਂ ਐਂਬੂਲੈਂਸ ਲਈ ਦਾਨ ਦਿੱਤਾ ਸੀ। ਸ. ਢਾਹਾਂ ਨੇ ਕਿਹਾ ਕਿ ਭੋਗਲ ਪਰਿਵਾਰ ਦਾ ਇਹ ਕਾਰਜ ਦਾਨੀ ਸੱਜਣਾਂ ਲਈ ਪ੍ਰੇਰਣਾ ਸਰੋਤ ਬਣੇਗਾ ਅਤੇ ਉਹਨਾਂ ਨੇ ਲੋੜਵੰਦ ਮਰੀਜ਼ਾਂ ਲਈ ਸਾਢੇ ਸੱਤ ਲੱਖ ਰੁਪਏ ਲਾਗਤ ਵਾਲੀ ਐਂਬੂਲੈਂਸ ਲਈ ਦਾਨ ਦੇਣ ਲਈ ਹਾਰਦਿਕ ਧੰਨਵਾਦ ਵੀ ਕੀਤਾ ਹੈ। ਸ. ਢਾਹਾਂ ਨੇ ਦੱਸਿਆ ਕਿ ਹਸਪਤਾਲ ਢਾਹਾਂ ਕਲੇਰਾਂ 100 ਬੈਡਾਂ ਦੀ ਸਮਰੱਥਾ ਵਾਲਾ ਮਲਟੀਸਪੈਸ਼ਲਿਟੀ ਹਸਪਤਾਲ ਹੈ । ਇੱਥੇ ਸੜਕੀ ਹਾਦਸਿਆਂ ਵਿਚ ਜਖਮੀਆਂ ਦੀ ਵਧੀਆ ਸੇਵਾ ਸੰਭਾਲ ਲਈ ਐਮਰਜੈਂਸੀ ਅਤੇ ਟਰੌਮਾ ਸੈਂਟਰ ਸਥਾਪਿਤ ਹੈ ਜਿੱਥੇ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਮਾਹਿਰ ਡਾਕਟਰ 24 ਘੰਟੇ ਤਾਇਨਾਤ ਰਹਿੰਦੇ ਹਨ । ਢਾਹਾਂ ਕਲੇਰਾਂ ਹਸਪਤਾਲ ਵਿਖੇ ਲੋੜਵੰਦ ਮਰੀਜ਼ਾਂ ਨੂੰ ਹੰਗਾਮੀ ਹਾਲਤਾਂ ਵਿਚ ਮਦਦ ਦੇਣ ਲਈ ਐਂਬੂਲੈਂਸਾਂ ਵੀ 24 ਘੰਟੇ ਤਿਆਰ ਬਰ ਤਿਆਰ ਰਹਿੰਦੀਆਂ ਹਨ । ਭੋਗਲ ਪਰਿਵਾਰ ਵੱਲੋਂ ਦਾਨ ਨਵੀਂ ਐਂਬੂਲੈਂਸ ਨੂੰ ਲੋਕ ਸੇਵਾ ਹਿੱਤ ਰਵਾਨਾ ਕਰਨ ਮੌਕੇ ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ, ਦਵਿੰਦਰ ਸਿੰਘ ਢਿੱਲੋਂ ਅਮਰੀਕਾ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ (ਦੋਹਤਾ ਸਵ: ਸ. ਕਰਨੈਲ ਸਿੰਘ ਭੋਗਲ) ਤੇ ਹਸਪਤਾਲ ਸਟਾਫ਼ ਵੀ ਹਾਜ਼ਰ ਸੀ ।

# ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਦੀ ਪਹਿਲ ਤੇ ਕੀਤੀ ਗਈ ਪੁਸ਼ਤੈਨੀ ਜੰਗਲ ਲਗਾਉਣ ਦੀ ਸ਼ੁਰੂਆਤ

## ਡਿਪਟੀ ਕਮਿਸ਼ਨਰ ਅਤੇ ਐੱਸ ਐੱਸ ਪੀ ਵਲੋਂ ਲਗਾਏ ਗਏ ਸੰਘਣੇ ਛਾਂਦਾਰ ਬੂਟੇ

ਸ਼ਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਨਵਾਂ ਸ਼ਹਿਰ ਨਗਰ ਕੌਂਸਲ ਦੀ ਪਹਿਲ ਤੇ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਮਿਊਂਸਪਲ ਪਾਰਕ ਮੈਨੇਜਮੈਂਟ ਕਮੇਟੀ ਵੱਲੋਂ ਅੱਜ ਸਥਾਨਕ ਪਬਲਿਕ ਪਾਰਕ ਦੇ ਨਜ਼ਦੀਕ ਨਵੇਂ ਬਣਾਏ ਜਾ ਰਹੇ ਮਿਊਂਸਪਲ ਪਬਲਿਕ ਗਾਰਡਨ ਵਿਖੇ ਕਰੀਬ ਸਵਾ ਏਕੜ ਤੋਂ ਵੀ ਵੱਧ ਜ਼ਮੀਨ ਵਿੱਚ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤੇ ਬੋਲਦਿਆਂ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ ਡਿਪਟੀ ਕਮਿਸ਼ਨਰ ਵੱਲੋਂ ਨਗਰ ਕੌਂਸਲ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਵਲੋਂ ਨਾਲ ਹੀ ਇਨਾਂ ਦੀ ਨਿਰੰਤਰ ਦੇਖਭਾਲ ਕਰਨ ਲਈ ਹਦਾਇਤ ਵੀ ਕੀਤੀ। ਇਸ ਮੌਕੇ ਤੇ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਕਿਹਾ ਕਿ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ (ਬੱਲੂ ਜੀ) ਦੀ ਕਾਫੀ ਸਮੇਂ ਤੋਂ ਇਹ ਦਿਲੀ ਇੱਛਾ ਸੀ ਕਿ ਇਸ ਜ਼ਮੀਨ ਦਾ ਸਦਉਪਯੋਗ ਕਰਕੇ ਇਸ ਨੂੰ ਚੌਗਿਰਦੇ ਦੀ ਸੰਭਾਲ ਦੇ ਨਾਲ-ਨਾਲ ਸ਼ਹਿਰ ਦੀ ਖ਼ੂਬਸੂਰਤੀ ਦਾ ਕੇਂਦਰ ਵੀ ਬਣਾਇਆ ਜਾਵੇ। ਉਨਾਂ ਵਲੋਂ ਕੀਤੀ ਗਈ ਪਹਿਲ ਤੇ ਇਸ ਅਸਥਾਨ ਤੇ ਪੁਰਾਤਨ ਜੰਗਲ ਦੀ ਦਿੱਖ ਪ੍ਰਦਾਨ ਕਰਨ ਹਿੱਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਪਾਰਕ ਮੈਨੇਜਮੈਂਟ ਵਲੋਂ ਇਸ ਦੀ ਵੱਡੀ ਪੱਧਰ ਤੇ ਸਫਾਈ ਕਰਵਾ ਕੇ ਇਸ ਵਿਚ ਪੁਰਾਤਨ ਅਤੇ ਨਵੀਨਤਮ ਦੋਨੋਂ ਤਰਾਂ ਦੇ ਸੰਘਣੀ ਛਾਂ ਵਾਲੇ ਬੂਟਿਆਂ ਦੇ ਨਾਲ ਨਾਲ ਫੱਲਦਾਰ ਅਤੇ ਫੁੱਲਦਾਰ ਬੂਟੇ ਲਗਾਉਣ ਦਾ ਫੈਸਲਾ ਲਿਆ ਗਿਆ। ਇਸ ਮੌਕੇ




ਨਗਰ ਕੌਂਸਲ ਦੇ ਸੀਨੀਅਰ ਮੈਂਬਰ ਡਾ: ਕਮਲ ਨੇ ਮੁੱਖ ਮਹਿਮਾਨ ਅਤੇ ਆਈਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ, ਸਮਾਜ ਸੇਵੀ ਜਥੇਬੰਦੀਆਂ ਨੂੰ ਜੀ ਆਇਆ ਕਿਹਾ ਅਤੇ ਨਗਰ ਕੌਂਸਲ ਵਲੋਂ ਇਸ ਪ੍ਰੋਜੈਕਟ ਦੇ ਨਿਰਮਾਣ ਹਿੱਤ ਹਰ ਸੰਭਵ ਸਹਿਯੋਗ ਦੇਣ ਲਈ ਯਕੀਨ ਦਿਵਾਇਆ। ਉਨਾਂ ਨੇ ਵਿਦੇਸ਼ ਦੌਰੇ ਤੇ ਗਏ ਹੋਏ ਹਲਕਾ ਇੰਚਾਰਜ ਬੱਲੂ ਜੀ ਵਲੋਂ ਸ਼ਹਿਰ ਨਿਵਾਸੀਆਂ ਨੂੰ ਇਸ ਪ੍ਰੋਜੈਕਟ ਦੀ ਅਰੰਭਤਾ ਲਈ ਵਧਾਈ ਵੀ ਦਿੱਤੀ। ਇਸ ਵਾਰਡ ਦੇ ਕੌਂਸਲਰ ਪ੍ਰਵੀਨ ਭਾਟੀਆ ਵਲੋਂ ਜਿੱਥੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਉੱਥੇ ਇਸ ਪ੍ਰੋਜੈਕਟ ਲਈ ਕੰਮ ਕਰਨ ਵਾਲੀ ਟੀਮ ਤੇ ਪੂਰਨ ਭਰੋਸੇਯੋਗਤਾ ਦਾ ਇਜ਼ਹਾਰ ਵੀ ਕੀਤਾ। ਸਮਾਗਮ ਦੀ ਅਰੰਭਤਾ ਗੁਰੂ ਚਰਨਾਂ ਵਿਚ ਅਰਦਾਸ ਕਰਨ ਉਪਰੰਤ ਕੀਤੀ ਗਈ ਅਤੇ ਸਮਾਪਤੀ ਤੇ ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ, ਪ੍ਰਮੁੱਖ ਸ਼ਖ਼ਸੀਅਤਾਂ ਅਤੇ ਆਈਆਂ ਹੋਈਆਂ ਸਮਾਜ ਸੇਵੀ ਜਥੇਬੰਦੀਆਂ ਵਲੋਂ ਵੱਡੇ ਪੱਧਰ ਤੇ ਬੂਟੇ ਲਗਾ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਮੈਂਬਰ ਅਤੇ ਇਸ ਪ੍ਰੋਜੈਕਟ ਦੇ ਪ੍ਰਮੁੱਖ ਇੰਚਾਰਜ ਦੀਦਾਰ ਸਿੰਘ ਗਹੂੰਣ ਸੇਵਾਮੁਕਤ ਡੀ ਐੱਸ ਪੀ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਇਸ ਜੰਗਲ ਵਿਚ ਸੈਰ ਕਰਨ ਲਈ ਪੱਕੇ ਟਰੈਕ, ਬਰਸਾਤੀ ਪਾਣੀ ਨੂੰ ਰੀਚਾਰਜ ਕਰਨ ਲਈ ਕੱਚੀਆਂ ਖੂਹੀਆਂ ਅਤੇ ਮੱਡ ਹਾਊਸ ਦਾ ਨਿਰਮਾਣ ਵੀ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਦੁਪਹਿਰ ਸਮੇਂ ਨਵਾਂਸ਼ਹਿਰ ਦੇ ਮਾਨਯੋਗ ਐੱਸ ਐੱਸ ਪੀ ਡਾ: ਮਹਿਤਾਬ ਸਿੰਘ ਵੀ ਵਿਸ਼ੇਸ਼ ਤੌਰ ਤੇ ਇੱਥੇ ਪਹੁੰਚੇ ਅਤੇ ਉਨਾਂ ਨੇ ਆਪਣੇ ਕਰ ਕਮਲਾਂ ਨਾਲ ਪੰਜ ਬੂਟੇ ਲਗਾਏ। ਉਨ੍ਹਾਂ ਨੇ ਇਸ ਪ੍ਰੋਜੈਕਟ ਦੇ ਆਯੋਜਕਾਂ ਨੂੰ ਵਧਾਈ ਦਿੱਤੀ ਅਤੇ ਇਸ ਨੂੰ ਸ਼ਲਾਘਾਯੋਗ ਕਦਮ ਦੱਸਦਿਆਂ ਇਸ ਦੀ ਸਫਲਤਾ ਲਈ ਕਾਮਨਾਂ ਕੀਤੀ।ਇਸ ਮੌਕੇ ਹਾਜਰ ਸ਼ਖ਼ਸੀਅਤਾਂ ਵਿਚ ਸੀਨੀਅਰ ਕੌਂਸਲਰ ਮੱਖਣ ਸਿੰਘ ਗਰੇਵਾਲ , ਗਗਨ ਅਗਨੀਹੋਤਰੀ ਚੇਅਰਮੈਨ ਮਾਰਕੀਟ ਕਮੇਟੀ, ਕੁਲਵੰਤ ਕੌਰ, ਪਰਮ ਸਿੰਘ ਖਾਲਸਾ, ਚੇਤ ਰਾਮ ਰਤਨ, ਸੀਸ ਕੌਰ ਬੀਕਾ, ਗੁਰਮੁਖ ਸਿੰਘ ਨੌਰਥ, ਸਾਬਕਾ ਕੌਂਸਲਰ ਵਿਨੋਦ ਕੁਮਾਰ ਪਿੰਕਾ, ਰਮਨ ਕੁਮਾਰ, ਡਾਕਟਰ ਹਰਵਿੰਦਰ ਸਿੰਘ ਸੇਵਾਮੁਕਤ ਸਿਵਲ ਸਰਜਨ, ਡਾ: ਪਰਮਜੀਤ ਮਾਹੀ, ਡਾਕਟਰ ਮਨਦੀਪ ਕਮਲ, ਸੀਨੀਅਰ ਐਡਵੋਕੇਟ ਮਦਨ ਗੋਪਾਲ ਕਾਰਜ ਸਾਧਕ ਅਫਸਰ ਸਿਮਰਨ ਸਿੰਘ ਢੀਡਸਾ, ਨਰੇਸ਼ ਸੂਰੀ, ਜਗਜੀਤ ਸਿੰਘ, ਜਗਦੀਪ ਸਿੰਘ, ਕੁਲਜੀਤ ਸਿੰਘ ਖਾਲਸਾ, ਪਰਮਿੰਦਰ ਸਿੰਘ, ਬਲਵੰਤ ਸਿੰਘ ਸੋਇਤਾ, ਉੱਤਮ ਸਿੰਘ ਸੇਠੀ, ਬਿਅੰਤ ਸਿੰਘ ਨੀਲੋਵਾਲ, ਮਹਿੰਦਰ ਪਾਲ, ਪਰਮਜੀਤ ਕੈਰੇ ਇੰਸਪੈਕਟਰ, ਮਨੋਜ ਕੰਡਾ, ਅੰਕੁਸ਼ ਨਿਝਾਵਨ, ਤਰਲੋਚਨ ਸਿੰਘ ਖਟਕੜ ਕਲਾਂ, ਸੁਰੇਸ਼ ਜੋਸ਼ੀ, ਭਾਈ ਮਨਜੀਤ ਸਿੰਘ, ਗੁਰਦੇਵ ਸਿੰਘ ਗਹੂੰਣ, ਸੁਖਮਿੰਦਰ ਸਿੰਘ ਤੂਰ, ਬਲਦੇਵ ਮੀਲੂ, ਜਸਵਿੰਦਰ ਸਿੰਘ ਸੈਣੀ, ਅਜੀਤ ਸਿੰਘ ਸਰਪੰਚ ਬਰਨਾਲਾ, ਗੁਰਜੀਤ ਕੌਰ ਸਰਪੰਚ ਰਮਰਾਇਪੁਰ, ਜਸਪਾਲ ਸਿੰਘ ਗਿੱਦਾ, ਗੁਰਪਾਲ ਸਿੰਘ, ਪਰਮਜੀਤ ਸਿੰਘ ਮੁਸਾਪੁਰ, ਸਤੀਸ਼ ਗਿੰਦੇ, ਨਰਿੰਦਰ ਰਾਣਾ, ਡਾ: ਕੁਲਦੀਪ , ਗੁਰਚਰਨ ਸਿੰਘ ਪਾਬਲਾ, ਗਿਆਨ ਸਿੰਘ, ਅਰਵਿੰਦਰ ਸਿੰਘ, ਬਖਸ਼ੀਸ਼ ਸਿੰਘ, ਰਮਨ ਮੁਰਗਈ, ਇੰਦਰਜੀਤ ਸ਼ਰਮਾ, ਰਜੇਸ਼ ਸਰੀਨ, ਸਨਦੀਪ ਸਿੰਘ ਐਕਸੀਅਨ, ਕੁਲਵਿੰਦਰ ਸਿੰਘ , ਰਕੇਸ਼ ਕੁਮਾਰ, ਮਨੋਜ ਕੁਮਾਰ, ਪ੍ਰਵੇਸ਼ ਕਪੂਰ, ਭਾਰਤਭੂਸ਼ਨ ਹਾਂਡਾ, ਕਮਲ ਰਿੰਕੂ, ਰਣਜੀਤ ਸਿੰਘ, ਬਲਦੇਵ ਕ੍ਰਿਸਨ ਸੋਗੀ, ਦਲਜੀਤ ਸਿੰਘ ਸੈਣੀ, ਸੁਰਜੀਤ ਸਿੰਘ ਮਹਿਤਪੁਰੀ, ਜਸਬੀਰ ਸਿੰਘ ਬਹਿਲੂਰ ਕਲਾਂ, ਨਵਦੀਪ ਸਿੰਘ, ਗੁਰਿੰਦਰ ਸਿੰਘ ਸੇਠੀ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਜਿਨਾ ਵਿਚ ਸ਼ਾਮਲ ਅਵਾਜ, ਆਸ,ਐੱਸ ਕੇ ਟੀ ਪਲਾਂਟੇਸ਼ਨ, ਵਿਸ਼ਵਾਸ, ਉਪਕਾਰ, ਖੂਨਦਾਨ ਸੇਵਾ, ਵਾਤਾਵਰਣ ਪ੍ਰੇਮੀ ਅਤੇ ਬਲੱਡ ਬੈਂਕ ਆਦਿਕ ਦੇ ਮੈਂਬਰ ਵੱਡੀ ਗਿਣਤੀ ਵਿਚ ਸ਼ਾਮਲ ਸਨ।

# ਇੱਕ ਬਿਹਾਰੀ 5 ਹਜਾਰ ਨਸ਼ੀਲੀਆਂ ਗੋਲੀਆਂ ਸਮੇਤ ਮਹਿਲ ਕਲਾਂ ਪੁਲਿਸ ਨੇ ਕੀਤਾ ਗ੍ਰਿਫ਼ਤਾਰ

## ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀ ਜਾਵੇਗਾ- ਡੀਐਸਪੀ ਮਹਿਲ ਕਲਾਂ



ਬਰਨਾਲਾ/ਮਹਿਲ ਕਲਾਂ, (ਸੁਖਵਿੰਦਰ ਸਿੰਘ ਭੰਡਾਰੀ) ਪੰਜਾਬ ਸਰਕਾਰ ਦੇ ਹੁਕਮਾਂ ਅਤੇ ਜ਼ਿਲ੍ਹਾ ਪੁਲਿਸ ਬਰਨਾਲਾ ਵੱਲੋ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਐਸਐਸਪੀ ਬਰਨਾਲਾ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀਐਸਪੀ ਮਹਿਲ ਕਲਾਂ ਕੰਵਰਪਾਲ ਸਿੰਘ ਦੀ ਅਗਵਾਈ ਹੇਠ ਐਸਐਚਓ ਮਹਿਲ ਕਲਾਂ ਦੇ ਯਤਨਾਂ ਹੇਠ ਏਐਸ ਆਈ ਗੁਰਸਿਮਰਨ ਸਿੰਘ ਸਮੇਤ ਪੁਲਿਸ ਪਾਰਟੀ ਵੱਲੋ ਇੱਕ ਬਿਹਾਰੀ ਨੂੰ 5 ਹਜਾਰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਅਫ਼ਸਰ ਸ਼ਰੀਫ਼ ਖ਼ਾਨ ਨੇ ਦੱਸਿਆ ਕਿ ਮੁਕੱਦਮਾ ਨੰਬਰ 41 ਅਧੀਨ ਦੋਸ਼ੀ ਰਾਣੀ ਕੌਰ ਵਾਸੀ ਬੈਕ ਸਾਈਡ ਰਾਮਬਾਗ ਬਰਨਾਲਾ ਅਤੇ ਜਗਪਾਲ ਸਿੰਘ ਉਰਫ ਜੱਸਾ ਵਾਸੀ ਮਹਿਲ ਖੁਰਦ ਨੂੰ ਟਰਾਮਾਡੋਲ ਗੋਲੀਆਂ ਸਮੇਤ ਕਾਬੂ ਕੀਤਾ ਗਿਆ ਸੀ। ਜਿੰਨ੍ਹਾਂ ਤੋਂ ਡੂੰਘਾਈ ਨਾਲ ਪੁਛਗਿੱਛ ਕੀਤੀ ਗਈ ਅਤੇ ਇਸ ਦੌਰਾਨ ਸੋਨੇ ਲਾਲ ਪੁੱਤਰ ਜਿੰਗੌ ਸਿੰਘ ਵਾਸੀ ਠੱਠੀ ਟੋਲਾ ਬੰਨੀ ਸਿਰਜੂਆ ਖਗੜੀਆ ਬਿਹਾਰ ਨੂੰ ਨਾਮਜ਼ਦ ਕਰਕੇ ਦੋਸ਼ੀ ਸੋਨੇ ਲਾਲ ਕੋਲੋਂ 500 ਪੱਤੇ ਮਾਰਕਾ( ALPRAZOLAM) ਕੁੱਲ 5000 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਦੋਸ਼ੀ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਮੌਕੇ ਡੀਐਸਪੀ ਕੰਵਰਪਾਲ ਸਿੰਘ ਨੇ ਐਸਐਚਓ ਸਰੀਫ ਖਾਨ ਅਤੇ ਪੁਲਿਸ ਪਾਰਟੀ ਦੇ ਕੰਮ ਦੀ ਸਲਾਘਾ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਦਾ ਹਰ ਜਵਾਨ ਨਸ਼ਿਆਂ ਖਿਲਾਫ਼ ਇਸ ਜੰਗ ਵਿੱਚ ਸੱਚਾ ਸਿਪਾਹੀ ਬਣਕੇ ਕੰਮ ਕਰ ਰਿਹਾ ਹੈ। ਪੂਰੀ ਮੁਸਤੈਦੀ ਨਾਲ ਡਿਊਟੀ ਕਰਕੇ ਨਸ਼ਾ ਤਸਕਰਾਂ ਦੀ ਚੇਨ ਨੂੰ ਤੋੜਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀ ਜਾਵੇਗਾ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਪੰਜਾਬ ਪੁਲਿਸ ਵੱਲੋਂ ਨਸਿਆਂ ਖਿਲਾਫ਼ ਵਿੱਢੀ ਗਈ ਮੁਹਿੰਮ ਵਿੱਚ ਪੁਲਿਸ ਪਾਰਟੀਆਂ ਦਾ ਸਾਥ ਦੇਣ ਤਾਂ ਜੋ ਨਕਸ਼ਿਆਂ ਨੂੰ ਠੱਲ ਪਾਈ ਜਾ ਸਕੇ। ਇਸ ਮੌਕੇ ਰੀਡਰ ਗੁਰਦੀਪ ਸਿੰਘ, ਮੁੱਖ ਮੁਨਸ਼ੀ ਅਕਾਸ਼ਦੀਪ ਸਿੰਘ, ਕਾਸ਼ਟੇਬਲ ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸੂਬੇ ਦੇ 7 ਸਕੂਲਾਂ ਦੇ ਨਾਮ ਸੁਤੰਤਰਤਾ ਸੰਗਰਾਮੀਆਂ ਅਤੇ ਸ਼ਹੀਦਾਂ ਦੇ ਨਾਮ ਤੇ ਰੱਖੇ: ਹਰਜੋਤ ਬੈਂਸ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਨੂੰ ਸਨਮਾਨ ਦੇਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹਨਾਂ ਸਖ਼ਸ਼ੀਅਤਾਂ ਤੋਂ ਜਾਣੂ ਕਰਵਾਉਣ ਦੇ ਮਕਸਦ ਨਾਲ ਸੂਬੇ ਦੇ 07 ਸਰਕਾਰੀ ਸਕੂਲਾਂ ਦੇ ਨਾਮ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਨਾਮ 'ਤੇ ਰੱਖਣ ਦਾ ਫੈਸਲਾ ਲਿਆ ਗਿਆ ਹੈ।




ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੇ ਨਾਮ 'ਤੇ ਰੱਖਣ ਦਾ ਫੈਸਲਾ ਕੀਤਾ ਗਿਆ ਸੀ ਜਿਸ ਤਹਿਤ ਹੁਣ 7 ਸਰਕਾਰੀ ਸਕੂਲਾਂ ਦੇ ਨਾਮ ਬਦਲੇ ਗਏ ਹਨ। ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇੱਛਾ ਅਨੁਸਾਰ ਸਰਕਾਰੀ ਸਕੂਲਾਂ ਦੇ ਨਾਮ ਅਜ਼ਾਦੀ ਘੁਲਾਟੀਆਂ ਅਤੇ ਸ਼ਹੀਦ ਸੈਨਿਕਾਂ ਦੇ ਨਾਮ 'ਤੇ ਰੱਖੇ ਜਾ ਰਹੇ ਹਨ ਤਾਂ ਜੋ ਇਨ੍ਹਾਂ ਹਸਤੀਆਂ ਦੀਆਂ ਕੁਰਬਾਨੀਆਂ ਤੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਜਾਣੂ ਹੋ ਸਕਣ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਜਿਹਨਾਂ ਸਰਕਾਰੀ ਸਕੂਲਾਂ ਦੇ ਨਾਂ ਬਦਲੇ ਗਏ ਹਨ ਉਹਨਾਂ ਵਿੱਚ ਬਰਨਾਲਾ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਛੰਨਾ ਗੁਲਾਬ ਸਿੰਘ ਦਾ ਨਾਮ ਬਦਲ ਕੇ ਸੁਤੰਤਰਤਾ ਸੰਗਰਾਮੀ ਦਰਬਾਰਾ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਛੰਨਾ ਗੁਲਾਬ ਸਿੰਘ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਾਨ ਦਾ ਨਾਮ ਬਦਲ ਕੇ ਸੁਤੰਤਰਤਾ ਸੰਗਰਾਮੀ ਲਾਭ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਾਨ ਰੱਖਣ ਦਾ ਫੈਸਲਾ ਕੀਤਾ ਗਿਆ ਹੈ।ਇਸੇ ਤਰ੍ਹਾਂ ਮਾਨਸਾ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰ੍ਹੇ ਦਾ ਨਾਮ ਬਦਲ ਸੁਤੰਤਰਤਾ ਸੰਗਰਾਮੀ ਸੇਵਾ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰ੍ਹੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬੁਢਲਾਡਾ ਦਾ ਨਾਮ ਸੁਤੰਤਰਤਾ ਸੰਗਰਾਮੀ ਸ਼ਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਬੁਢਲਾਡਾ ਰੱਖਣ ਦਾ ਫੈਸਲਾ ਕੀਤਾ ਹੈ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਦੇ ਸਰਕਾਰੀ (ਕੰ) ਸੀਨੀਅਰ ਸੈਕੰਡਰੀ ਸਕੂਲ ਸਵੱਦੀ ਕਲਾਂ ਦਾ ਨਾਮ ਸੁਤੰਤਰਤਾ ਸੰਗਰਾਮੀ ਬੀਰ ਸਿੰਘ ਸਰਕਾਰੀ (ਕੰ) ਸੀਨੀਅਰ ਸੈਕੰਡਰੀ ਸਕੂਲ ਸਵੱਦੀ ਕਲਾਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਝੋਰੜਾਂ ਦਾ ਨਾਮ ਸ਼ਹੀਦ ਏ.ਐਸ.ਆਈ.ਗੁਰਮੁੱਖ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਝੋਰੜਾਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਕੂਲ ਆਫ਼ ਐਮੀਨੈਂਸ ਮੋਰਿੰਡਾ ਦਾ ਨਾਮ ਬਦਲ ਕੇ ਸ਼ਹੀਦ ਸੂਬੇਦਾਰ ਮੇਵਾ ਸਿੰਘ ਸਕੂਲ ਆਫ਼ ਐਮੀਨੈਂਸ ਮੋਰਿੰਡਾ ਰੱਖਣ ਦਾ ਫੈਸਲਾ ਕੀਤਾ ਗਿਆ

# ਲਾਜ਼ਮੀ ਪਹਿਰੇ ਦਾ ਹੁਕਮਨਾਮਾ ਜਾਰੀ ਹੋਣ ਵਿੱਚ ਹੋ ਰਹੀ ਦੇਰੀ ਬਣ ਰਹੀ ਬੇਅਦਬੀਆਂ ਦਾ ਕਾਰਨ: ਭਾਈ ਗੁਰਪ੍ਰੀਤ ਸਿੰਘ

ਸ੍ਰੀ ਅਨੰਦਪੁਰ ਸਾਹਿਬ,(ਦਵਿੰਦਰਪਾਲ ਸਿੰਘ): ਉੱਤਰਾਖੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਪੈਟਰੋਲ ਪਾ ਕੇ ਸਾੜ ਦੇਣ ਦੀ ਘਟਨਾ, ਗੁਰੂ ਦੇ ਸਿੱਖਾਂ ਲਈ ਨਾ ਜਰਨ ਯੋਗ ਹੈ। ਅਜਿਹੀਆਂ ਸਾਰੀਆਂ ਘਟਨਾਵਾਂ ਦਾ ਮੁੱਖ ਕਾਰਨ ਗੁਰਦਵਾਰਾ ਪ੍ਰਬੰਧਾਂ ਦੀ ਨਾਕਾਮੀ ਹੈ। ਪਟਿਆਲਾ ਨੇੜੇ ਮੋਲਗੜ੍ਹ ਵਿਖੇ ਬੀਤੇ ਅਕਤੂਬਰ ਮਹੀਨੇ ਵਿੱਚ ਹੋਈ ਅਜਿਹੀ ਹੀ ਘੋਰ ਬੇਅਦਬੀ ਦਾ ਦੁਖ ਨਾ ਸਹਾਰਦੇ ਹੋਏ, ਪੰਥ ਦੀਆਂ ਸਮੂਹ ਟਕਸਾਲਾਂ, ਸੰਪਰਦਾਵਾਂ, ਨਿਹੰਗ ਸਿੰਘ ਦਲਾਂ, ਕਾਰ ਸੇਵਾ ਵਾਲੇ ਮਹਾਂਪੁਰਖਾਂ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ, ਮਿਸ਼ਨਰੀ ਕਾਲਜਾਂ, ਸਭਾ ਸੁਸਾਇਟੀਆਂ, ਵਿਦਵਾਨਾਂ, ਕਥਾ ਵਾਚਕਾਂ, ਪ੍ਰਚਾਰਕਾਂ,ਦੇਸ਼ ਵਿਦੇਸ਼ ਦੀਆਂ ਸੰਸਥਾਵਾਂ ਅਤੇ ਸੰਗਤਾਂ ਦੇ ਦਸਤਖਤਾਂ ਵਾਲੇ ਬੇਨਤੀ ਪੱਤਰ ਦੇ ਦਸਤਾਵੇਜ, ਅੱਠੇ ਪਹਿਰ ਟਹਿਲ ਸੇਵਾ ਲਹਿਰ ਵੱਲੋਂ ਬੀਤੀ ਅਪ੍ਰੈਲ ਦੇ ਆਰੰਭ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਭੇਟ ਕੀਤਾ ਗਿਆ ਸੀ। ਪਰ ਇਸ ਦੌਰਾਨ ਹੋ ਚੁੱਕੀਆਂ ਪੰਜ ਸਿੰਘ ਸਾਹਿਬਾਨਾਂ ਦੀਆਂ ਦੋ ਇਕੱਤਰਤਾਵਾਂ ਦੇ ਵਿੱਚ ਇਸ ਕੌਮੀ ਬੇਨਤੀ ਪੱਤਰ ਨੂੰ ਅਣਗੌਲਿਆਂ ਕੀਤਾ ਗਿਆ, ਜਿਸ ਕਾਰਨ ਲਾਜ਼ਮੀ ਪਹਿਰੇ ਦਾ ਹੁਕਮਨਾਮਾ ਜਾਰੀ ਨਹੀਂ ਹੋ ਸਕਿਆ। ਆਉਂਦੀ 15 ਤਰੀਕ ਨੂੰ ਹੋਣ ਜਾ ਰਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਪੰਥ ਨੂੰ ਲੋੜੀਂਦਾ ਹੁਕਮਨਾਮਾ ਪ੍ਰਾਪਤ ਹੋਣ ਦੀ ਵੱਡੀ ਉਮੀਦ ਹੈ। ਇਹ ਵਿਚਾਰ ਟਹਿਲ ਸੇਵਾ ਲਹਿਰ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ ਹੰਗਾਮੀ ਇਕੱਤਰਤਾ ਵਿੱਚ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਸਭ ਦੇ ਸਾਹਮਣੇ ਰੱਖੇ।

ਇਸ ਮੌਕੇ ਕਿਲਾ ਆਨੰਦਗੜ੍ਹ ਸਾਹਿਬ ਵਾਲੇ ਬਾਬਾ ਪ੍ਰੇਮ ਸਿੰਘ ਭਲੜੀ, ਭਾਈ ਧਰਮਪਾਲ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਜਸਵੀਰ ਸਿੰਘ ਖਾਲਸਾ, ਭਾਈ ਕਰਨੈਲ ਸਿੰਘ ਨੰਗਲ, ਭਾਈ ਜਗਤਾਰ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਲਵਜੋਤ ਸਿੰਘ, ਭਾਈ ਅਮਰੀਕ ਸਿੰਘ, ਭਾਈ ਭੁਪਿੰਦਰ ਸਿੰਘ ਨੇ ਸਾਂਝੇ ਤੌਰ ਤੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਬਾਕੀ ਸਿੰਘ ਸਾਹਿਬਾਨ ਨੂੰ ਕੌਮ ਦੇ ਜਜ਼ਬਾਤਾਂ ਦੀ ਕਦਰ ਕਰਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖ ਆਸਨ ਅਸਥਾਨ ਤੇ ਲਾਜ਼ਮੀ ਪਹਿਰੇਦਾਰੀ ਦਾ ਹੁਕਮਨਾਮਾ ਜਾਰੀ ਕਰਨ ਲਈ ਸਨਿਮਰ ਬੇਨਤੀ ਕੀਤੀ। ਜ਼ਿਕਰਯੋਗ ਹੈ ਕੇ ਹੋਲੇ ਮੁਹੱਲੇ




ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਮੁੱਖ ਸਟੇਜ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂਕੇ ਦੇ ਮੁਖੀ ਭਾਈ ਸਾਹਿਬ ਭਾਈ ਮੋਹਿੰਦਰ ਸਿੰਘ ਨੇ ਸਮੂਹ ਖਾਲਸਾ ਪੰਥ ਵੱਲੋਂ ਇਹ ਬੇਨਤੀ ਗੁਰਮਤਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੂੰ ਭੇਟ ਕੀਤਾ ਗਿਆ ਸੀ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵਲੋਂ ਮੁੱਖ ਮੰਤਰੀ ਸਹਾਇਤਾ ਕੇਂਦਰ ਦਾ ਦੌਰਾ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਵਿਧਾਇਕ ਮਹਿਲ ਕਲਾਂ ਕੁਲਵੰਤ ਸਿੰਘ ਪੰਡੋਰੀ ਵੱਲੋਂ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਣੇ ਮੁੱਖ ਮੰਤਰੀ ਸਹਾਇਤਾ ਕੇਂਦਰ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ - ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਹ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਹਾਇਤਾ ਕੇਂਦਰ ਦੇ ਬਣਨ ਨਾਲ ਲੋਕਾਂ ਦੀ ਸੁਣਵਾਈ ਵਧੇਗੀ ਅਤੇ ਖੱਜਲ-ਖੁਆਰੀ ਘਟੇਗੀ ਤੇ ਲੋਕਾਂ ਦੇ ਚੰਡੀਗੜ੍ਹ ਪੱਧਰ ਦੇ ਕੰਮ ਵੀ ਇਥੇ ਹੀ ਹੋ ਸਕਣਗੇ।

ਇਸ ਮੌਕੇ ਉਨ੍ਹਾਂ ਸਹਾਇਤਾ ਕੇਂਦਰ ਤੇ ਆਪਣੇ ਕੰਮਾਂ ਬਾਬਤ ਪੁੱਜੇ ਲੋਕਾਂ ਨਾਲ ਗੱਲਬਾਤ ਵੀ ਕੀਤੀ ਜਿਨ੍ਹਾਂ ਸਰਕਾਰ ਦੇ ਉੱਦਮ ਦੀ ਸ਼ਲਾਘਾ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਨੇ ਦੱਸਿਆ ਕਿ ਜਿਹੜੇ ਲੋਕਾਂ ਨੂੰ ਆਪਣੇ ਕੰਮਾਂ ਦੇ ਸਬੰਧ ਵਿੱਚ ਮੁੱਖ ਮੰਤਰੀ ਦਫ਼ਤਰ ਜਾਂ ਵੱਖ - ਵੱਖ ਵਿਭਾਗਾਂ ਦੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਕੰਮ ਵਾਸਤੇ ਚੰਡੀਗੜ੍ਹ ਗੇੜੇ ਮਾਰਨ ਪੈਂਦੇ ਸਨ, ਉਨ੍ਹਾਂ ਲਈ ਮੁੱਖ ਮੰਤਰੀ ਸਹਾਇਤਾ ਕੇਂਦਰ ਵਰਦਾਨ ਸਾਬਿਤ ਹੋਵੇਗਾ, ਕਿਉਂਕਿ ਉਨ੍ਹਾਂ ਦੀ ਅਰਜ਼ੀ ਇਥੋਂ ਹੀ ਉੱਪਰ ਭੇਜੀ ਜਾ ਸਕੇਗੀ। ਇਸ ਤਰ੍ਹਾਂ ਉਨ੍ਹਾਂ ਦੀਆਂ ਅਰਜ਼ੀਆਂ ਏਨੀ ਦੂਰ ਜਾਣ ਦੀ ਬਜਾਏ ਸਥਾਨਕ ਪੱਧਰ ਤੋਂ ਹੀ ਭੇਜੀਆਂ ਜਾ ਸਕਣਗੀਆਂ

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨਾਲ ਹੀ ਸਵਾਗਤ ਅਤੇ ਸਹਾਇਤਾ ਕੇਂਦਰ ਵੀ ਸਥਾਪਿਤ ਕੀਤਾ ਹੈ, ਜਿਸ ਦਾ ਉਦੇਸ਼ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਵਿਖੇ ਵੱਖ ਵੱਖ ਵਿਭਾਗੀ ਕੰਮਾਂ ਲਈ ਆਉਣ ਵਾਲੇ ਲੋਕਾਂ ਦੀ ਮਦਦ ਕਰਨਾ ਹੈ।

ਇਸ ਮੌਕੇ ਗੁਰਮੁੱਖ ਸਿੰਘ ਸਰਪੰਚ ਭੈਣੀ ਜੱਸਾ ਨੇ ਕਿਹਾ ਕਿ ਉਹ ਆਪਣੇ ਕੰਮ ਲਈ ਡੀ ਸੀ ਦਫ਼ਤਰ ਆਏ ਸੀ ਤੇ ਸਹਾਇਤਾ ਕੇਂਦਰ ਤੋਂ ਟੋਕਣ ਲੈ ਕੇ ਡਿਪਟੀ ਕਮਿਸ਼ਨਰ ਨੂੰ ਮਿਲੇ ਤੇ ਉਨ੍ਹਾਂ ਦੀ ਵਧੀਆ ਸੁਣਵਾਈ ਹੋਈ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

# ਜਲੰਧਰ ਦੀ ਜਿੱਤ ਤੇ ਆਪ ਆਗੂਆਂ ਨੇ ਲੱਡੂ ਵੰਡ ਕੇ ਮਨਾਈ ਖੁਸ਼ੀ




ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਅੱਜ ਜਿਉਂ ਹੀ ਜਲੰਧਰ ਸੀਟ ਦਾ ਨਤੀਜਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਇਆ ਤਾਂ ਗੁਰੂ ਨਗਰੀ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਆਪ ਆਗੂਆਂ ਨੇ ਭਗਤ ਰਵਿਦਾਸ ਚੌਂਕ ਵਿੱਚ ਲੱਡੂ ਵੰਡ ਕੇ ਖੁਸ਼ੀ ਮਨਾਈ ।ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਅਤੇ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਜਿੱਥੇ ਪੰਜਾਬ ਵਾਸੀਆਂ ਨੂੰ ਇਸ ਜਿੱਤ ਦੀ ਖੁਸ਼ੀ ਦੀ ਵਧਾਈ ਦਿੱਤੀ ਉੱਥੇ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਵੀ ਵਿਸ਼ੇਸ਼ ਤੌਰ ਤੇ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਜਗਜੀਤ ਸਿੰਘ ਜੱਗੀ, ਵਿਕਰਮ ਸਿੰਘ ਸੰਧੂ ਕੌਂਸਲਰ, ਦਲਜੀਤ ਸਿੰਘ ਕੈਥ, ਕੌਂਸਲਰ ਇੰਦਰਜੀਤ ਕੌਸ਼ਲ, ਸੁਨੀਲ ਅਢਵਾਲ, ਕੁਲਦੀਪ ਸਿੰਘ ਟੇਲਰ ਮਾਸਟਰ, ਵਿਜੇ ਗਰਚਾ, ਦੀਪਕ ਆਂਗਰਾ,ਕੈਪਟਨ ਅਨੂਪ ਸਿੰਘ ਆਪ, ਜਤਿੰਦਰ ਸਿੰਘ ਘੜੀਆਂ ਵਾਲੇ, ਸ਼ੈਲੀ ਅਰੋੜਾ, ਅਭਿਜੀਤ ਸਿੰਘ ਅਲੈਕਸ, ਜੋਗਾ ਸਿੰਘ ਸਰਪੰਚ, ਹਰਜਾਪ ਸਿੰਘ ਸਰਪੰਚ, ਗੁਰਮੇਲ ਸਿੰਘ ਹਰਪਾਲ ਕੌਰ ਜਿਲਾ ਜੁਆਇੰਟ ਸਕੱਤਰ,ਰਣਜੀਤ ਕੌਰ ਜਿਲਾ ਮੀਤ ਪ੍ਰਧਾਨ, ਗੁਰਕੀਰਤ ਸਿੰਘ ਬਾਵਾ, ਮਲਕੀਤ ਸਿੰਘ, ਇੰਦਰਜੀਤ ਸਿੰਘ, ਜਗਜੀਤ ਸਿੰਘ ਸ਼ੇਰੀ ਆਦਿ ਹਾਜਰ ਸਨ।

# ਮਾਮਲਾ ਕਿਸਾਨ ਆਗੂਆਂ ਵੱਲੋਂ ਦਲਿਤ ਬੱਚਿਆਂ ਦੀ ਬੇਰਹਮੀ ਨਾਲ ਕੀਤੀ ਕੁੱਟਮਾਰ ਦਾ

## ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਸਿਟ ਕਰ ਰਹੀ ਹੈ ਮਾਮਲੇ ਦੀ ਜਾਂਚ




ਸੰਗਰੂਰ (ਸੁਖਵਿੰਦਰ ਸਿੰਘ ਭੰਡਾਰੀ) ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਵੱਲੋਂ ਦਲਿਤ ਮਜ਼ਦੂਰ ਬੱਚਿਆਂ ਦੀ ਬੇਰਹਮੀ ਨਾਲ ਕੀਤੀ ਕੁੱਟਮਾਰ ਕਰਨ ਦੇ ਮਾਮਲੇ ਸਬੰਧੀ ਗਠਿਤ ਐਕਸ਼ਨ ਕਮੇਟੀ ਪੰਜਾਬ ਦੇ ਆਗੂਆਂ ਦਰਸ਼ਨ ਸਿੰਘ ਕਾਂਗੜਾ, ਵਿੱਕੀ ਪਰੋਚਾ ਧੂਰੀ, ਚਮਕੌਰ ਸਿੰਘ ਵੀਰ, ਸ਼ਕਤੀਜੀਤ ਸਿੰਘ, ਗੱਮੀ ਕਲਿਆਣ,ਬੰਨੀ ਖਹਿਰਾ, ਰਾਹੁਲ ਕੁਮਾਰ ਮੁੰਨਾ, ਵਿਜੇ ਸਾਹਨੀ, ਰਣਧੀਰ ਸਿੰਘ ਨਾਗਰਾ, ਰਾਜਿੰਦਰ ਸਿੰਘ ਆਦਿ ਨੇ ਕਿਹਾ ਕਿ ਉਹ ਪੀੜ੍ਹਤ ਪਰਿਵਾਰਾਂ ਨਾਲ ਚਟਾਨ ਵਾਂਗ ਖੜੇ ਹਨ ਜੋ ਪੀੜ੍ਹਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਹਰ ਲੜਾਈ ਲੜਨਗੇ। ਉਕਤ ਆਗੂਆਂ ਨੇ ਕਿਹਾ ਕਿ ਬੱਚਿਆਂ ਦੀ ਕੁੱਟਮਾਰ ਕਰਨ ਵਾਲੇ ਮਨਜੀਤ ਸਿੰਘ ਘਰਾਚੋਂ ਨੂੰ ਗਿਰਫ਼ਤਾਰ ਕੀਤਾ ਜਾ ਚੁੱਕਾ ਹੈ। ਅਤੇ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਲਈ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਗਠਿਤ ਸਿਟ ਵੀ ਆਪਣਾਂ ਕੰਮ ਕਰ ਰਹੀ ਹੈ। ਜੋ ਮਾਮਲੇ ਦੀ ਮੁਕੰਮਲ ਰਿਪੋਰਟ 15 ਜੁਲਾਈ ਨੂੰ ਐਸ ਸੀ ਕਮਿਸ਼ਨ ਪੰਜਾਬ ਦੇ ਦਫ਼ਤਰ ਚੰਡੀਗੜ੍ਹ ਵਿਖੇ ਪੇਸ਼ ਕਰੇਗੀ ਉਨ੍ਹਾਂ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂਆਂ ਵੱਲੋਂ ਬਿਤੇ ਦਿਨੀਂ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਦਿੱਤੇ ਬਿਆਨ ਦਾ ਖੰਡਣ ਕਰਦਿਆਂ ਕਿਹਾ ਕਿ ਇੱਕ ਪਾਸੇ ਇਹ ਕਿਸਾਨ ਮਜ਼ਦੂਰ ਏਕਤਾ ਦਾ ਨਾਅਰਾ ਦਿੰਦੇ ਹਨ ਅਤੇ ਦੂਜੇ ਪਾਸੇ ਹਰ ਰੋਜ਼ ਬੇਲੋੜੀ ਬਿਆਨਬਾਜ਼ੀ ਕਰਕੇ ਦਲਿਤ ਮਜ਼ਦੂਰਾਂ ਤੇ ਦਬਾਅ ਬਣਾਉਣਾ ਚਾਹੁੰਦੇ ਹਨ। ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਉਕਤ ਆਗੂਆਂ ਨੇ ਕਿਹਾ ਕਿ ਕਿਸਾਨ ਯੂਨੀਅਨ ਉਗਰਾਹਾਂ ਹਮੇਸ਼ਾ ਹੀ ਦਲਿਤ ਤੇ ਮਜ਼ਦੂਰ ਵਿਰੋਧੀ ਰਹੀ ਹੈ। ਪਿੰਡਾਂ ਅੰਦਰ ਦਲਿਤਾਂ ਤੇ ਜ਼ਿਆਦਾ ਤਸ਼ੱਦਦ ਇਸ ਯੂਨੀਅਨ ਨਾਲ ਸਬੰਧਿਤ ਲੋਕਾਂ ਵੱਲੋਂ ਹੀ ਕੀਤੇ ਜਾਂਦੇ ਹਨ।ਉਗਰਾਹਾਂ ਗਰੁੱਪ ਮਜ਼ਦੂਰ ਤੇ ਕਿਸਾਨਾਂ ਦੇ ਰਿਸ਼ਤੇ ਨੂੰ ਵੀ ਕਮਜ਼ੋਰ ਕਰਨ ਤੇ ਤੁਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੀੜ੍ਹਤ ਪਰਿਵਾਰਾਂ ਨੂੰ ਇਨਸਾਫ਼ ਦੇਣ ਸਬੰਧੀ ਜੋ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਵੱਲੋਂ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਉਸ ਤੇ ਜ਼ੂਰਰ ਅਮਲ ਹੋਵੇਗਾ। ਜੇਕਰ ਫਿਰ ਵੀ ਜ਼ਰੂਰਤ ਪਈ ਤਾਂ ਉਹ ਵੱਡੇ ਤੋਂ ਵੱਡਾ ਸੰਘਰਸ਼ ਕਰਨ ਤੋਂ ਵੀ ਪਿੱਛੋਂ ਨਹੀਂ ਹਟਣਗੇ।ਇਸ ਮੌਕੇ ਹਾਜ਼ਰ ਪੀੜ੍ਹਤ ਦਲਿਤ ਮਜ਼ਦੂਰ ਬੱਚਿਆਂ ਦੇ ਪਿਤਾ ਸੱਤਗੁਰ ਸਿੰਘ ਚੱਠੇ ਸੇਖਵਾਂ ਅਤੇ ਸਤਗੁਰ ਸਿੰਘ ਬਾਲੀਆਂ ਨੇ ਕਿਹਾ ਕਿ ਸ਼ੁਰੂ ਤੋਂ ਹੀ ਐਕਸ਼ਨ ਕਮੇਟੀ ਪੰਜਾਬ ਵੱਲੋਂ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਲੜਾਈ ਲੜੀ ਜਾ ਰਹੀ ਹੈ। ਉਹ ਐਕਸ਼ਨ ਕਮੇਟੀ ਪੰਜਾਬ ਅਤੇ ਹੋਰ ਵੀ ਮਦਦ ਕਰ ਰਹੀਆਂ ਸਮੂਹ ਜੱਥੇਬੰਦੀਆਂ ਦੇ ਦਿਲੋਂ ਰਿਣੀ ਹਨ। ਉਨ੍ਹਾਂ 14 ਜੁਲਾਈ ਐਤਵਾਰ ਨੂੰ ਸੰਗਰੂਰ ਵਿਖੇ ਇਸ ਮਾਮਲੇ ਸਬੰਧੀ ਦਿੱਤੇ ਜਾ ਰਹੇ ਧਰਨੇ ਸਬੰਧੀ ਅਗਿਆਨਤਾ ਜਤਾਉਂਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ। ਅਤੇ ਨਾ ਹੀ ਉਨ੍ਹਾਂ ਦਾ ਇਸ ਧਰਨੇ ਨਾਲ ਕਿਸੇ ਤਰ੍ਹਾਂ ਦਾ ਕੋਈ ਸਬੰਧ ਹੈ। ਉਨ੍ਹਾਂ ਹਮਦਰਦੀ ਜਤਾਉਣ ਵਾਲੀਆਂ ਸਮੂਹ ਜੱਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਲੜਾਈ ਸਮੂਹ ਐਸ ਸੀ/ਬੀ ਸੀ ਜੱਥੇਬੰਦੀਆਂ ਇਕੱਠੀਆਂ ਹੋ ਕੇ ਲੜ ਰਹੀਆਂ ਹਨ ਸੋ ਕਿਰਪਾ ਕਰਕੇ ਕੋਈ ਵੀ ਜੱਥੇਬੰਦੀ ਵੱਖ਼ਰੇ ਤੌਰ ਤੇ ਅਜਿਹਾ ਕਰਕੇ ਇਸ ਸੰਘਰਸ਼ ਨੂੰ ਕਮਜ਼ੋਰ ਨਾ ਕਰਨ ਕੋਈ ਵੀ ਧਰਨਾ ਪ੍ਰਦਰਸ਼ਨ ਕਰਨ ਤੋਂ ਪਹਿਲਾਂ ਪੀੜ੍ਹਤ ਪਰਿਵਾਰਾਂ ਨਾਲ ਤਾਲਮੇਲ ਜ਼ਰੂਰ ਕੀਤਾ ਜਾਵੇ। ਪ੍ਰੈਸ ਬਿਆਨ ਜ਼ਿਲ੍ਹਾ ਪ੍ਰਧਾਨ ਬਰਨਾਲਾ ਮਲਕੀਤ ਸਿੰਘ ਮੀਤਾ ਨੇ ਜਾਰੀ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਚੋਣਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਮਦਦਗਾਰ ਹੋਏ




ਮਾਲੇਰਕੋਟਲਾ (ਲੋਕ ਬਾਣੀ)- ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਚੋਣਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਮਦਦਗਾਰ ਸਾਬਤ ਹੋਏ ਸਹਾਇਕ/ ਨਿੱਜੀ ਸਟਾਫ ਨੂੰ ਸਖ਼ਤ ਮਿਹਨਤ ਅਤੇ ਸਮਰਪਣ ਲਈ ਸਨਮਾਨਿਤ ਕੀਤਾ । ਇਹ ਮਾਣ ਚੋਣਾਂ ਦੇ ਸੁਤੰਤਰ, ਨਿਰਪੱਖ ਅਤੇ ਨਿਰਵਿਘਨ ਆਯੋਜਨ ਨੂੰ ਯਕੀਨੀ ਬਣਾਉਣ ਵਿੱਚ ਯੋਗਦਾਨ ਪਾਉਣ ਸਦਕਾ ਦਿੱਤਾ ਗਿਆ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਾਜਪਾਲ ਸਿੰਘ,ਸਹਾਇਕ ਕਮਿਸ਼ਨਰ ਸ੍ਰੀ ਹਰਬੰਸ ਸਿੰਘ,ਪੀ.ਏ.ਟੂ ਡੀ.ਸੀ.ਹਰਵਿੰਦਰ ਸਿੰਘ ,ਡੀ.ਡੀ.ਐਫ ਆਸ਼ਿਫ ਖਾਨ,ਚੋਣ ਦਫ਼ਤਰ ਤੋਂ ਮਨਪ੍ਰੀਤ ਸਿੰਘ ਵੀ ਮੌਜੂਦ ਸਨ ।

ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਵਿੱਚ ਇਸ ਵਿਆਪਕ ਪ੍ਰਕਿਰਿਆ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਸਮੁੱਚੀ ਟੀਮ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਨੋਟ ਕੀਤਾ ਗਿਆ ਹੈ, ਜਿਸ ਲਈ ਪ੍ਰਸ਼ਾਸਨ ਉਨ੍ਹਾਂ ਸਾਰਿਆਂ ਦੀ ਸ਼ਲਾਘਾ ਕਰਦਾ ਹੈ।

ਉਨ੍ਹਾਂ ਇਨ੍ਹਾਂ ਕਰਮਚਾਰੀਆਂ /ਸੇਵਾਦਾਰਾਂ ਨੂੰ ਭਵਿੱਖ ਵਿੱਚ ਵੀ ਆਪਣੀ ਡਿਊਟੀ ਇਸੇ ਤਰ੍ਹਾਂ ਇਮਾਨਦਾਰੀ, ਜੋਸ਼ ਅਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਐਲ.ਪੀ.ਏ.ਸ਼ਾਖਾ ਦੇ ਗੁਰਪ੍ਰੀਤ ਸਿੰਘ ਸਹੋਤਾ ਨੇ ਚੋਣਾ ਸਬੰਧੀ ਆਪਣੀ ਨਵੀਂ ਕਵਿਤਾ ਵੀ ਪੜ੍ਹੀ ।

# ਲਾਇਨਜ਼ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰੂ ਨਗਰੀ ਚ ਲਗਾਏ 80 ਪੌਦੇ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸਮਾਜ ਸੇਵਾ ਲਈ ਪ੍ਰਸਿੱਧ ਲਾਇਨਜ਼ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ 80 ਵੱਖ ਵੱਖ ਪੌਦੇ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪੀਆਰਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਲਾਈਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪਹਿਲੇ ਪ੍ਰਧਾਨ ਪ੍ਰੋਫੈਸਰ ਹਰਦੀਪ ਸਿੰਘ ਦਾ ਅੱਜ 80ਵਾਂ ਜਨਮਦਿਨ ਹੈ। ਜਿੱਥੇ ਕਲੱਬ ਦੇ ਸਮੁੱਚੇ ਮੈਂਬਰਾਂ ਵੱਲੋਂ ਉਹਨਾਂ ਦਾ ਜਨਮ ਦਿਨ ਬੜੀ ਸੱਜ ਧੱਜ ਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ ਉੱਥੇ ਉਹਨਾਂ ਦੇ 80 ਸਾਲ ਪੂਰੇ ਹੋਣ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਵੱਖ ਵੱਖ ਸਥਾਨਾਂ ਤੇ 80 ਪੌਦੇ ਲਗਾ ਕੇ ਸਮਾਜ ਨੂੰ ਹਰਿਆ ਭਰਿਆ ਰੱਖਣ ਦਾ ਪ੍ਰਣ ਵੀ ਕੀਤਾ ਗਿਆ

ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਕਲੱਬ ਦੇ ਪ੍ਰਧਾਨ ਲਾਇਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਹੋਈ ਸੀ ਹੋਈ ਜਿਸ ਚ ਵੱਡੀ ਗਿਣਤੀ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜ਼ਰ ਹੋਏ ਸਨ। ਮੀਟਿੰਗ ਦੀ ਕਾਰਵਾਈ ਨੂੰ ਅੱਜ ਅਮਲ ਵਿੱਚ ਲਿਆਉਂਦੀਆਂ ਛਾਂਦਾਰ ਅਤੇ ਫਲਾਂ ਵਾਲੇ ਪੌਦੇ ਲਗਾਏ ਗਏ।

ਇਸ ਮੌਕੇ ਸਕੱਤਰ ਲਾਇਨ ਸੰਜੇ ਮਹਾਜਨ ਕਲੱਬ ਦੇ ਕੈਸ਼ੀਅਰ ਲਾਇਨ ਸੁਖਵਿੰਦਰ ਸਿੰਘ ਬਿੱਟੂ ਵੱਲੋਂ ਹਾਜਰੀਨ ਲਾਇਨਜ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਪ੍ਰੋਫੈਸਰ ਹਰਦੀਪ ਸਿੰਘ, ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਇਨ ਅਰਸ਼ਵਿੰਦਰ ਸਿੰਘ ਛਬਲੀ, ਲਾਇਨ ਕਮਲਜੀਤ ਵਰਮਾ, ਲਾਇਨ ਅਜੇ ਸੋਢੀ,ਲਾਇਨ ਮਹੇਸ਼ ਕੁਮਾਰ, ਲਾਇਨ ਅਮਰਿੰਦਰ ਸਿੰਘ ਚੀਮਾ ਲਾਇਨ ਮਨਿੰਦਰ ਪਾਲ ਸਿੰਘ ਮਨੀ ਲਾਇਨ ਦੀਪਕ ਆਂਗਰਾ, ਮਨੀਸ਼ ਕੌਸ਼ਲ, ਧਰੁਵੀ ਕੌਸ਼ਲ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਚ ਲਾਇਨਜ਼ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜਰ ਸਨ।

# ਮਨੁੱਖੀ ਜੀਵਨ ਲਈ ਪਾਣੀ, ਮਿੱਟੀ ਅਤੇ ਵਾਤਾਵਰਨ ਨੂੰ ਬਚਾਉਣਾ ਅਤੇ ਸ਼ੁੱਧ ਰੱਖਣਾ ਬਹੁਤ ਜ਼ਰੂਰੀ - ਭਗਵਾਨ ਦਾਸ ਗੁਪਤਾ

ਪਟਿਆਲਾ (ਲੋਕ ਬਾਣੀ)
' ਮਨੁੱਖੀ ਜੀਵਨ ਲਈ ਪਾਣੀ, ਮਿੱਟੀ ਅਤੇ ਵਾਤਾਵਰਨ ਨੂੰ ਬਚਾਉਣਾ ਤੇ ਸ਼ੁੱਧ ਰੱਖਣਾ ਬਹੁਤ ਜ਼ਰੂਰੀ ਹੈ ' ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਸਰਪ੍ਰਸਤ ਰੈਡ ਕਰਾਸ ਸੁਸਾਇਟੀ ਪਟਿਆਲਾ ਨੇ ਬਾਬਾ ਆਲਾ ਸਿੰਘ ਪਾਰਕ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਬਾਬਾ ਆਲਾ ਸਿੰਘ ਅਤੇ ਵਾਤਾਵਰਨ ਪਾਰਕ ਪਾਰਕ ਵਿਖੇ ' ਰੁੱਖ ਲਗਾਓ ਵਾਤਾਵਰਨ ਬਚਾਓ ' ਮੁਹਿੰਮ ਤਹਿਤ ਵਣ ਮਹਾਂਉਤਸਵ ਮਨਾਉਣ ਲਈ ਰੱਖੇ ਇੱਕ ਪ੍ਰੋਗਰਾਮ ਮੌਕੇ ਬੋਲਦਿਆਂ ਕੀਤਾ।

ਪਾਰਕ ਵਿੱਚ ਰੋਜ਼ਾਨਾ ਸੈਰ ਕਰਨ ਵਾਲੇ ਸਿਹਤ ਪ੍ਰੇਮੀਆਂ ਤੇ ਸਮੂਹ ਮੈਂਬਰਾਂ ਵਲੋਂ ਮੈਡਮ ਮਾਨੀ ਅਰੋੜਾ ਚੀਫ਼ ਜੁਡੀਸ਼ਅਲ ਮੈਜਿਸਟ੍ਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੇ ਸਹਿਯੋਗ ਨਾਲ ਫ਼ਲ ਅਤੇ ਛਾਂ-ਦਾਰ ਪੌਦੇ ਲਗਾਏ ਗਏ। ਮੈਂਬਰਾਂ ਨੇ ਲਗਾਏ ਗਏ ਪੌਦਿਆਂ ਦੀ ਸੇਵਾ, ਸਾਂਭ ਸੰਭਾਲ, ਰਾਖੀ ਕਰਨ, ਪਾਣੀ ਤੇ ਖਾਦ ਆਦਿ ਦੇਣ ਤੋਂ ਇਲਾਵਾ ਪਾਣੀ ਤੇ ਵਾਤਾਵਰਨ ਦੀ ਸੰਭਾਲ ਕਰਨ ਦੀ ਵੀ ਸਹੁੰ ਚੁੱਕੀ।

ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਨੇ ਪਤਵੰਤਿਆਂ ਅਤੇ ਸਮੂਹ ਮੈਂਬਰਾਂ ਤੇ ਸੈਰ ਪ੍ਰੇਮੀਆਂ ਦਾ ਸਵਾਗਤ ਕਰਦਿਆਂ ਆਖਿਆ ਕਿ ਵੱਧ ਰਹੇ ਪ੍ਰਦੂਸ਼ਣ ਕਾਰਨ ਸਾਡਾ ਵਾਤਾਵਰਨ ਕਾਫੀ ਗੰਧਲਾਂ ਹੋ ਰਿਹਾ ਹੈ ਤੇ ਖੇਤਾਂ ਵਿੱਚ ਰਸਾਇਣਕ ਖਾਦਾਂ ਤੇ ਪੈਸਟੀਸਾਈਡ ਦੀ ਲੋੜ ਤੋਂ ਵੱਧ ਵਰਤੋਂ ਨਾਲ ਸਾਡੀ ਮਿੱਟੀ ਵੀ ਪਲੀਤੀ ਜਾ ਰਹੀ ਹੈ। ਜ਼ਮੀਨ ਹੇਠਲਾ ਪਾਣੀ




ਖ਼ਤਮ ਹੋਣ ਦੇ ਕਗਾਰ ਵੱਲ ਵੱਧ ਰਿਹਾ ਹੈ ਜੋਕਿ ਇੱਕ ਗੰਭੀਰ ਚਿੰਤਾਂ ਦਾ ਵਿਸ਼ਾ ਹੈ। ਸਾਡੇ ਜੀਵਨ ਲਈ ਅਨਮੋਲ ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਦਿਨੋਂ ਦਿਨ ਘਾਟ ਮਹਿਸੂਸ ਹੋ ਰਹੀ ਹੈ। ਚੰਗੇ ਮਨੁੱਖੀ ਜੀਵਨ ਲਈ ਵਾਤਾਵਰਨ, ਮਿੱਟੀ ਅਤੇ ਪਾਣੀ ਨੂੰ ਬਚਾਉਣ ਦੀ ਜ਼ਰੂਰਤ ਹੈ। ਇਸ ਲਈ ਸੱਭਨਾਂ ਨੂੰ ਮਿਲਕੇ ਹੰਭਲਾ ਮਾਰਨ ਦੀ ਲੋੜ ਹੈ। ਓਹਨਾਂ ਨੇ ਲੋਕਾਂ ਨੂੰ 20 ਜੁਲਾਈ ਨੂੰ ਪੰਜਾਬ ਵਾਤਾਵਰਨ ਦਿਵਸ ਮਨਾਉਣ ਦੀ ਵੀ ਅਪੀਲ ਕੀਤੀ ਅਤੇ ਸਹਿਯੋਗ ਕਰਨ ਤੇ ਪਾਰਕ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਯੋਗਾ ਸਾਧਕਾਂ ਅਤੇ ਪਾਰਕ ਵਿੱਚ ਰੋਜ਼ਾਨਾ ਸੈਰ ਕਰਨ ਵਾਲੇ ਸਿਹਤ ਪ੍ਰੇਮੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਕ ਰਾਜ ਗੁਪਤਾ, ਸਟੇਟ ਤੇ ਗਵਰਨਰ ਐਵਾਰਡੀ ਏਕਮਜੋਤ ਕੌਰ, ਸਤਿੰਦਰ ਕੌਰ, ਸਰੋਜ ਗਰਗ, ਹਰਬੰਸ ਲਾਲ ਬਾਂਸਲ, ਅਮਨਦੀਪ ਸਿੰਘ ਬਿਊਟੀ, ਇਸ਼ੂ ਗਿੱਲ,ਮੇਘ ਸਿੰਘ, ਅਰੁਨ ਜੈਨ, ਜਗਵਿੰਦਰ ਕੌਰ,ਤਾਪਸੀ, ਸੁਨੀਤਾ, ਰਿੰਪੀ ਗਰਗ ਅਤੇ ਸਚਿਨ ਸਿੰਗਲਾ ਹਾਜ਼ਰ ਸਨ।

# ਦੀਨਾਨਗਰ ਰੇਲਵੇ ਓਵਰਬ੍ਰਿਜ ਖੋਲ੍ਹਣ ਦੀ ਮੰਗ ਨੂੰ ਲੈ ਕੇ ਡੀਸੀ ਨੂੰ ਸੌਂਪਿਆ ਮੰਗ ਪੱਤਰ

## ਫਾਟਕ ਨੂੰ ਪੂਰਨ ਤੌਰ ਤੇ ਹਲਕੇ ਦੇ ਲੋਕਾਂ ਦੀ ਸਹੂਲਤ ਲਈ ਖੋਲਿਆ ਜਾਵੇ:- ਅਰੁਨਾ ਚੋਧਰੀ






ਦੀਨਾਨਗਰ, (ਡਾ.ਰਮੇਸ਼ ਸਰੰਗਲ )
ਦੀਨਾਨਗਰ ਤੋਂ ਬਹਿਰਾਮਪੁਰ ਰੋਡ ਤੇ ਪੈਂਦੇ ਫਲਾਈਓਵਰ ਨੂੰ ਸੰਘਰਸ਼ ਕਮੇਟੀ ਦੀਨਾਨਗਰ ਨੇ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਡੀਸੀ ਗੁਰਦਾਸਪੁਰ ਨੂੰ ਮੰਗ ਪੱਤਰ ਸੌਂਪ ਕੇ ਦੀਨਾਨਗਰ-ਬਹਿਰਾਮਪੁਰ ਰੇਲਵੇ ਫਲਾਈਓਵਰ ਨੂੰ ਖੋਲ੍ਹਣ ਦੀ ਮੰਗ ਕੀਤੀ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਸਾਲ 2018 ਵਿੱਚ ਦੀਨਾਨਗਰ-ਬਹਿਰਾਮਪੁਰ ਰੋਡ ਫਲਾਈਓਵਰ ਦਾ ਕੰਮ ਡੀਸੀ ਮੁਹੰਮਦ ਇਸਫਾਕ ਅਤੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਵੱਲੋਂ ਸ਼ੁਰੂ ਕਰਵਾਇਆ ਗਿਆ ਸੀ। ਹਰ 3-4 ਮਹੀਨਿਆਂ ਬਾਅਦ ਮੌਕੇ ਦੇ ਡੀਸੀ ਵੱਲੋਂ ਕੰਮ ਦਾ ਮੁਆਇਨਾ ਵੀ ਕੀਤਾ ਜਾਂਦਾ ਸੀ ਅਤੇ ਇਸ ਕੰਮ ਨੂੰ ਪੂਰਾ ਕਰਨ ਦਾ ਟੀਚਾ 18 ਮਹੀਨਿਆਂ ਦਾ ਸੀ ਪਰ ਅੱਜ 6 ਸਾਲ ਹੋਣ ਨੂੰ ਹਨ ਅਤੇ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ। ਵਿਭਾਗ ਵੱਲੋਂ ਦੋਪਹੀਆ ਅਤੇ ਚਾਰ ਪਹੀਆ ਵਾਹਨਾਂ ਤੋਂ ਇਲਾਵਾ ਟਰਾਲੀਆਂ ਨੂੰ ਵੀ ਪਾਸ ਕਰਕੇ ਚੈੱਕ ਕੀਤਾ ਗਿਆ ਹੈ ਅਤੇ ਲੁੱਕ ਆਦਿ ਪਾ ਕੇ ਸੜਕ ਵੀ ਬਣ ਚੁੱਕੀ ਹੈ। ਪਰ ਸਭ ਕੁੱਝ ਕੰਪਲੀਟ ਹੋਣ ਦੇ ਬਾਵਜੂਦ ਵੀ ਪੁਲ ਨੂੰ ਨਹੀਂ ਖੋਲ੍ਹਿਆ ਜਾ ਰਿਹਾ। ਫਲਾਈਓਵਰ ਸੰਘਰਸ਼ ਕਮੇਟੀ ਵੱਲੋਂ 9 ਵਾਰ ਧਰਨੇ ਦਿੱਤੇ ਗਏ ਹਨ ਅਤੇ ਮੁਜ਼ਾਹਰੇ ਵੀ ਕੀਤੇ ਜਾ ਚੁੱਕੇ ਹਨ। ਜਨਵਰੀ 2024 ਵਿਚ ਇਕ ਫੇਰੀ ਦੌਰਾਨ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵੀ ਜਦੋਂ ਇਸ ਓਵਰਬ੍ਰਿਜ ਦਾ ਦੌਰਾ ਕੀਤਾ ਸੀ ਤਾਂ 13 ਅਪ੍ਰੈਲ 2024 ਨੂੰ ਇਸ ਫਲਾਈਓਵਰ ਨੂੰ ਲੋਕਾਂ ਨੂੰ ਸਮਰਪਿਤ ਕਰਨ ਦਾ ਵਾਅਦਾ ਕੀਤਾ ਸੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਤੱਕ ਵੀ ਇਸ ਪੂਲ ਨੂੰ ਚਾਲੂ ਨਹੀਂ ਕੀਤਾ ਗਿਆ ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਲੋਕ ਪਿਛਲੇ ਸਾਢੇ 5 ਸਾਲਾਂ ਤੋਂ ਜਾਨ ਜੋਖਮ ਚ ਪਾ ਕੇ ਫਾਟਕ ਉਪਰੋ ਲੰਘ ਰਹੇ ਹਨ। ਇਹ ਫਲਾਈਓਵਰ ਸ਼ਹਿਰ ਦੇ ਵਿਚਕਾਰ ਹੈ ਅਤੇ ਫਾਟਕ ਤੋਂ ਪਿਰ 10 ਨਾਮੀ ਸਕੂਲ ਹਨ । ਸਰਹੱਦੀ ਸੜਕ ਤੇ ਐਮਰਜੈਂਸੀ ਦੀ ਸਥਿਤੀ ਚ ਭਾਰਤ-ਪਾਕਿਸਤਾਨ ਸਰਹੱਦ ਤੱਕ ਪਹੁੰਚਣ ਲਈ ਹੋਰ ਕੋਈ ਰਸਤਾ ਨਹੀਂ ਹੈ ਅਤੇ ਫਲਾਈਓਵਰ ਦਾ ਕੰਮ 99.99 ਫੀਸਦੀ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਫਲਾਈਓਵਰ ਨੂੰ 20 ਜੁਲਾਈ ਤੱਕ ਲੋਕਾਂ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇ, ਨਹੀਂ ਤਾਂ 21 ਜੁਲਾਈ ਨੂੰ ਇਲਾਕੇ ਦੀਆਂ ਸਮਾਜਿਕ, ਸਵੈ-ਸੇਵੀ ਅਤੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਪੁਲ ਨੂੰ ਚਾਲੂ ਕਰ ਦਿੱਤਾ ਜਾਵੇਗਾ । ਭਾਵੇਂ ਕਿ ਇਸ ਫਲਾਈਓਵਰ ਨੂੰ ਖੋਲ੍ਹਣ ਦੀ ਮੰਗ ਨੂੰ ਲੈ ਕੇ ਸਬੰਧਤ ਦਫ਼ਤਰ ਮੁੱਖ ਮੰਤਰੀ ਪੰਜਾਬ, ਐਸਡੀਓ ਲੋਕ ਨਿਰਮਾਣ ਵਿਭਾਗ, ਐਸਡੀਐਮ ਦੀਨਾਨਗਰ, ਡੀਆਰਐਮ ਫਿਰੋਜ਼ਪੁਰ ਰੇਲਵੇ ਨੂੰ ਕਈ ਮੰਗ ਪੱਤਰ ਦਿੱਤੇ ਗਏ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਲੋਕਾਂ ਨੇ ਇਹ ਵੀ ਮੰਗ ਕੀਤੀ ਕਿ ਦੋਪਹੀਆ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਰਸਤਾ ਖੋਲ੍ਹਣ ਦੇ ਨਾਲ-ਨਾਲ ਨੇੜੇ ਦੇ ਲੋਕਾਂ ਨੂੰ ਰੇਲਵੇ ਅੰਡਰਪਾਸ ਵੀ ਦਿੱਤਾ ਜਾਵੇ।

### ਬੇਰੀਆ ਇਲਾਕੇ ਨੂੰ ਜਾਣ ਵਾਲੀ ਗਲੀ ਦੇ ਸਾਹਮਣੇ ਪੌੜੀਆਂ ਬਣਾਉਣ ਦੀ ਕੋਸ਼ਿਸ਼-

ਦੀਨਾਨਗਰ ਤੋਂ ਵਿਧਾਇਕਾ ਅਤੇ ਸਾਬਕਾ ਮੰਤਰੀ ਸ੍ਰੀ ਮਤੀ ਅਰੁਨਾ ਚੋਧਰੀ ਨੇ ਦੱਸਿਆ ਕਿ ਬੇਰੀਆ ਮੁਹੱਲੇ ਨੂੰ ਜਾਂਦੀ ਗਲੀ ਦੇ ਸਾਹਮਣੇ ਪੌੜੀਆਂ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਜੇਕਰ ਵਿਭਾਗ ਵਲੋਂ ਰੇਲਵੇ ਟਰੈਕ ਦੇ ਦੋਵੇਂ ਪਾਸੇ ਪੱਕੀ ਕੰਧ ਬਣਾ ਦਿੱਤੀ ਜਾਵੇ ਤਾਂ ਵੀ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨਾਂ ਕਿਹਾ ਕਿ ਵਿਭਾਗ ਰੇਲਵੇ ਵਿਭਾਗ ਟਰੈਕ ਦੇ ਦੋਵੇਂ ਪਾਸੇ ਪੱਕੀ ਸੜਕ ਬਣਾਉਣ ਲਈ ਯਤਨਸ਼ੀਲ ਹੈ। ਸਵਾਲ ਇਹ ਹੈ ਕਿ ਇਹ ਇਕ ਭਾਰੀ ਟ੍ਰੈਫਿਕ ਵਾਲੀ ਸੜਕ ਹੈ ਜਿਸ @ਤੇ ਦੀਨਾਨਗਰ ਦੇ ਵਸਨੀਕ ਰੋਜ਼ਾਨਾ ਆਪਣੀ ਨੌਕਰੀ, ਸਿੱਖਿਆ, ਸਿਹਤ ਸੰਭਾਲ, ਰੇਲ ਗੱਡੀਆਂ, ਬੱਸਾਂ ਆਦਿ ਲਈ ਸਫ਼ਰ ਕਰਦੇ ਹਨ। ਇਹ ਇੱਕ ਮਹੱਤਵਪੂਰਨ ਰਸਤਾ ਹੈ। ਇਸ ਸੜਕ ਨੂੰ ਪੱਕੀ ਕੰਧ ਨਾਲ ਬੰਦ ਕਰਨ ਨਾਲ ਰੋਜ਼ਾਨਾ ਆਉਣ-ਜਾਣ ਵਾਲਿਆਂ ਦੀ ਦੂਰੀ ਲਗਭਗ 1 ਤੋਂ 2 ਕਿਲੋਮੀਟਰ ਤੱਕ ਵਧ ਜਾਵੇਗੀ, ਜੋ ਕਿ ਮੇਰੇ ਸ਼ਹਿਰ ਵਾਸੀਆਂ ਲਈ ਭਾਰੀ ਪਰੇਸ਼ਾਨੀ ਹੈ। ਉਨ੍ਹਾਂ ਦੱਸਿਆ ਕਿ ਵੱਡੀਆਂ ਇਮਾਰਤਾਂ ਲੋਕਾਂ ਦੀ ਸਹੂਲਤ ਲਈ ਬਣਾਈਆਂ ਜਾਂਦੀਆਂ ਹਨ ਅਤੇ ਵਸਨੀਕਾਂ ਅਤੇ ਉਪਭੋਗਤਾਵਾਂ ਲਈ ਵਰਦਾਨ ਹੁੰਦੀਆਂ ਹਨ। ਪਰ ਇਹ ਦੋਵੇਂ ਵਿਭਾਗ ਇਸ ਵਰਦਾਨ ਨੂੰ ਜ਼ੁਲਮ ਵਿੱਚ ਤਬਦੀਲ ਕਰ ਰਹੇ ਹਨ। ਮੈਂ ਇਨ੍ਹਾਂ ਉਸਾਰੀਆਂ ਦੀ ਸਖ਼ਤ ਨਿਖੇਧੀ ਕਰਦੀ ਹਾਂ ਜੇਕਰ ਇਸ ਨੂੰ ਨਾ ਰੋਕਿਆ ਗਿਆ ਤਾਂ ਮੇਰੇ ਕੋਲ ਇਸ ਮੁੱਦੇ ਨੂੰ ਵਿਧਾਨ ਸਭਾ ਵਿੱਚ ਉਠਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ, ਤਾਂ ਜੋ ਇਸ ਮੁੱਦੇ ਨੂੰ ਲੋਕ ਹਿੱਤ ਵਿੱਚ ਉਠਾਇਆ ਜਾ ਸਕੇ।

# ਵਿਧਾਇਕ ਰੰਧਾਵਾ ਨੇ ਧਨੌਨੀ-ਡੇਰਾ ਜਗਾਧਰੀ ਸੜਕ ਦਾ ਰੱਖਿਆ ਨੀਂਹ ਪੱਥਰ




ਡੇਰਾਬੱਸੀ,(ਲੋਕ ਬਾਣੀ) ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਨਗਰ ਕੌਂਸਲ ਦੇ ਪਿੰਡ ਧਨੌਨੀ ਅਤੇ ਡੇਰਾ ਜਗਾਧਰੀ ਨੂੰ ਜੋੜਨ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਨੀਹ ਪੱਥਰ ਰੱਖਿਆ। ਇਸ ਮੌਕੇ ਈ.ਓ. ਜਗਜੀਤ ਸਿੰਘ ਜੱਜ ਅਤੇ ਕੌਂਸਲ ਪ੍ਰਧਾਨ ਸ੍ਰੀਮਤੀ ਆਸ਼ੂ ਉਪਨੇਜਾ ਸਮੇਤ ਆਪ ਵਲੰਟੀਅਰ ਤੇ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਤੇ 22.50 ਲੱਖ ਰੁਪਏ ਖਰਚੇ ਜਾਣਗੇ। ਉਨ੍ਹਾਂ ਕਿਹਾ ਕਿ ਸੜਕਾਂ ਬਣਨ ਨਾਲ ਦੋਵੇਂ ਪਿੰਡਾਂ ਸਮੇਤ ਇਲਾਕੇ ਦੇ ਲੋਕਾਂ ਨੂੰ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਸੜਕ ਦਾ ਪਿਛਲੇ ਕਈ ਸਾਲਾਂ ਤੋਂ ਮਾੜਾ ਹਾਲ ਹੋਣ ਕਰਕੇ ਪਿੰਡ ਧਨੌਨੀ ਅਤੇ ਡੇਰਾ ਜਗਾਧਰੀ ਦੇ ਨਿਵਾਸੀਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਰਿਹਾ ਸੀ । ਉਨਾਂ ਕਿਹਾ ਕਿ ਸੜਕ ਉੱਤੇ ਇੰਟਰਲਾਕ ਟਾਈਲਾਂ ਲਗਾ ਕੇ ਹੁਣ ਟੁੱਟਣ ਦਾ ਝੰਜਟ ਹੀ ਖਤਮ ਕਰ ਦਿੱਤਾ ਜਾਵੇਗਾ। ਰੰਧਾਵਾ ਨੇ ਆਖਿਆ ਕਿ ਹਲਕੇ ਦੀ ਬੇਹਤਰੀ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮਾਨ ਸਰਕਾਰ ਦੀਆਂ ਸਕੀਮਾਂ ਦਾ ਲਾਭ ਹਰ ਇੱਕ ਨਾਗਰਿਕ ਤੱਕ ਪਹੁੰਚੇ ਇਸ ਲਈ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਅਪਣੀ ਵਚਨਬੱਧਤਾ ਦੁਹਰਾਈ।

# ਐਸ ਕੇ ਐਸ ਮੈਂਬਰਸ਼ਿਪ ਪੰਜਾਬ ਵੱਲੋਂ ਗ੍ਰੰਥੀ ਸਿੰਘਾਂ ਦੇ ਮਸਲਿਆਂ ਅਤੇ ਅਖੌਤੀ ਮਨਮੱਤਾਂ ਨੂੰ ਲੈਕੇ ਕੀਤੀ ਮੀਟਿੰਗ

## ਦਰਬਾਰ ਸਾਹਿਬ ਅੰਦਰ ਮਨਮਤ ਅਨੁਸਾਰ ਲੱਗੇ ਬੈਂਚ , ਕੁਰਸੀਆਂ ਚੁੱਕੀਆਂ ਜਾਣ : ਜਥੇ ਬਾਬਾ ਬਲਵਿੰਦਰ ਸਿੰਘ

ਸ਼ੇਰਪੁਰ, 13 ਜੁਲਾਈ ( ਹਰਜੀਤ ਸਿੰਘ ਕਾਤਿਲ ) – ਐਸ ਕੇ ਐਸ ਮੈਂਬਰਸ਼ਿਪ ਪੰਜਾਬ ਵੱਲੋਂ ਗ੍ਰੰਥੀ ਸਿੰਘਾਂ ਦੇ ਮਸਲਿਆਂ ਅਤੇ ਕੁੱਝ ਗੁਰੂ ਘਰਾਂ ਅੰਦਰ ਚੱਲ ਰਹੀ ਅਖੌਤੀ ਮਨਮੱਤ ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮਾ ਸਾਹਿਬ ਅਨੁਸਾਰ ਨਹੀਂ ਹੈ , ਨੂੰ ਲੈ ਕੇ ਐਸ ਕੇ ਐਸ ਮੈਂਬਰਸ਼ਿਪ ਪੰਜਾਬ ਜਥੇਬੰਦੀ ਦੇ ਪ੍ਰਧਾਨ ਜਥੇਦਾਰ ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲਿਆਂ , ਸਮੂਹ ਅਹੁਦੇਦਾਰਾਂ ਵੱਲੋਂ ਗ੍ਰੰਥੀ ਸਿੰਘਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ । ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਅਨੇਕਾਂ ਵਿਚਾਰਾਂ ਹੋਈਆਂ ਅਤੇ ਕੁੱਝ ਗੁਰੂ ਘਰਾਂ ਅੰਦਰ ਚੱਲ ਰਹੀ ਹਰ ਤਰ੍ਹਾਂ ਦੀ ਮਨਮੱਤ ਨੂੰ ਬੰਦ ਕਰਵਾਉਣ ਸਬੰਧੀ ਮਤਾ ਪਾਇਆ ਗਿਆ । ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਜਥੇਦਾਰ ਬਾਬਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਘਰਾਂ ਅੰਦਰ ਮਨਮਤ ਅਨੁਸਾਰ ਲੱਗੇ ਬੈਂਚ , ਕੁਰਸੀਆਂ ਚੁਕਵਾਈਆਂ ਜਾਣ , ਪ੍ਰਬੰਧਕਾਂ ਵੱਲੋਂ ਕਿਸੇ ਗ੍ਰੰਥੀ ਸਿੰਘ ਨੂੰ ਨਜਾਇਜ਼ ਤੌਰ ਤੇ ਪਰੇਸ਼ਾਨ ਕੀਤਾ ਜਾਂਦਾ ਹੈ ਤਾਂ ਐਸ ਕੇ ਐਸ ਮੈਂਬਰਸ਼ਿਪ ਪੰਜਾਬ ਜਥੇਬੰਦੀ ਵੱਲੋਂ ਸਮੂਹ ਅਹੁਦੇਦਾਰਾਂ ਦੀ ਹਾਜਰੀ ਵਿੱਚ ਪ੍ਰਸ਼ਾਸਨ ਨੂੰ ਨਾਲ ਲੈ ਕੇ ਪ੍ਰਬੰਧਕਾਂ ਦਾ ਵਿਰੋਧ ਕੀਤਾ ਜਾਵੇਗਾ । ਜੇਕਰ ਦਰਬਾਰ ਸਾਹਿਬ ਦੇ ਅੰਦਰ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਨਾ ਕੀਤਾ ਹੋਇਆ ਤਾਂ ਪ੍ਰਬੰਧਕਾਂ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਆਪਣੇ ਅਹੁਦੇ ਦੀ ਜਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਜੋ ਕਿ ਚਿੰਤਾ ਦਾ ਵਿਸ਼ਾ ਹੈ । ਕਮੇਟੀ ਆਗੂਆਂ ਨੇ ਗੁਰੂ ਘਰਾਂ ਵਿੱਚ ਸੇਵਾਵਾ ਨਿਭਾ ਰਹੇ ਗ੍ਰੰਥੀ ਸਿੰਘਾਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਤਨਦੇਹੀ ਅਤੇ ਜਿੰਮੇਵਾਰੀ ਨਾਲ ਨਿਭਾਉਣ




। ਉਨ੍ਹਾਂ ਅਪੀਲ ਕੀਤੀ ਕਿ ਪ੍ਰਬੰਧਕ ਕਮੇਟੀ ਗ੍ਰੰਥੀ ਸਿੰਘਾਂ ਨਾਲ ਮਿਲ ਕੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਦਮ ਕਰੇ । ਇਸ ਮੌਕੇ ਬਾਬਾ ਰਣਜੋਤ ਸਿੰਘ ਜਨਰਲ ਸਕੱਤਰ ਪੰਜਾਬ, ਭਾਈ ਗੁਰਪ੍ਰੀਤ ਸਿੰਘ ਪ੍ਰਧਾਨ ਜਿਲਾ ਸੰਗਰੂਰ ,ਭਾਈ ਕਮਲਦੀਪ ਸਿੰਘ ਪ੍ਰਧਾਨ ਸ੍ਰੀ ਫਤਿਹਗੜ੍ਹ ਸਾਹਿਬ, ਭਾਈ ਅਮਰਜੀਤ ਸਿੰਘ ਪ੍ਰਧਾਨ ਜਿਲਾਂ ਮਲੇਰਕੋਟਲਾ , ਭਾਈ ਦੀਦਾਰ ਸਿੰਘ ਪ੍ਰਧਾਨ ਫਰੀਦਕੋਟ , ਭਾਈ ਹਰਜਿੰਦਰ ਸਿੰਘ ਪ੍ਰਧਾਨ ਮਾਨਸਾ , ਭਾਈ ਨਿਰਮਲ ਸਿੰਘ ਨੂਰ ਜ਼ਿਲਾਂ ਮੀਤ ਪ੍ਰਧਾਨ ਸੰਗਰੂਰ, ਭਾਈ ਸੇਵਾ ਸਿੰਘ ਗ੍ਰੰਥੀ ਸਿੰਘ, ਕਾਲਾ ਸਿੰਘ , ਗੁਰਪ੍ਰੀਤ ਸਿੰਘ ਅਕਾਲੀ, ਰਾਜ ਸਿੰਘ , ਸਰਬਜੀਤ ਸਿੰਘ ਤੋਂ ਇਲਾਵਾ ਹੋਰ ਵੀ ਸੰਗਤਾਂ ਹਾਜ਼ਰ ਸਨ ।

# ਜੀਆਰਪੀ ਚੌਂਕੀ ਅਤੇ ਰੇਲਵੇ ਸਟੇਸ਼ਨ ਤੇ ਛਾਦਾਰ ,ਫਲਦਾਰ ਪੌਦੇ ਲਗਾਏ।




ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਵਾਤਾਵਰਨ ਦੇ ਵਿਗੜ ਰਹੇ ਸੰਤੁਲਨ ਨੂੰ ਸਧਾਰਨ ਦੇ ਉਦੇਸ਼ ਦੇ ਨਾਲ ਜੀਆਰਪੀ ਚੌਂਕੀ ਸ੍ਰੀ ਅਨੰਦਪੁਰ ਸਾਹਿਬ ਦੇ ਇੰਚਾਰਜ ਏਐਸਆਈ ਜਗਜੀਤ ਸਿੰਘ ਦੀ ਅਗਵਾਈ ਵਿੱਚ ਚੌਂਕੀ ਅਤੇ ਰੇਲਵੇ ਸਟੇਸ਼ਨ ਵਿੱਚ ਛਾਦਾਰ ਤੇ ਫਲਦਾਰ ਪੌਦੇ ਲਗਾਏ ਗਏ,

ਇਸ ਮੌਕੇ ਜਗਜੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਨੂੰ ਚੰਗਾ ਅਤੇ ਹਰਾ ਭਰਾ ਰੱਖਣ ਦੇ ਨਾਲ ਸਾਡਾ ਜਿੱਥੇ ਜਨ ਜੀਵਤ ਪ੍ਰਭਾਵਿਤ ਹੁੰਦਾ ਹੈ ਬਾਕੀ ਜੀਵ ਜੰਤੂਆਂ ਦੇ ਲਈ ਵੀ ਵਰਦਾਨ ਸਿੱਧ ਹੁੰਦਾ ਹੈ, ਉਹਨਾਂ ਨੇ ਦੱਸਿਆ ਕਿ ਸਾਡੇ ਵੱਲੋਂ ਲਾਏ ਪੌਦਿਆਂ ਨਾਲ ਜੀਵ ਜੰਤੂ ਗਰਮੀ ਤੋਂ ਰਾਹਤ ਲੈਂਦੇ ਹਨ, ਉਨਾਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਣੇ ਅਤੇ ਬੱਚਿਆਂ ਦੇ ਜਨਮ ਦਿਨ ਤੇ ਇੱਕ ਪੌਦਾ ਜ਼ਰੂਰ ਲਾਉਣਾ ਚਾਹੀਦਾ ਹੈ ਇਸ ਦੇ ਨਾਲ ਹੀ ਜਿਹੜੇ ਪੌਦੇ ਲਗਾਏ ਜਾਂਦੇ ਹਨ ਉਹਨਾਂ ਨੂੰ ਰੋਜਾਨਾ ਪਾਣੀ ਪਾਉਣ ਦੇ ਨਾਲ ਨਾਲ ਦੇਖਭਾਲ ਕਰਨੀ ਚਾਹੀਦੀ ਹੈ,

ਉਹਨਾਂ ਦੱਸਿਆ ਕਿ ਦਿਨ ਪ੍ਰਤੀ ਦਿਨ ਵਧ ਰਹੇ ਵਾਤਾਵਰਨ ਦੂਸ਼ਿਤ ਹੋਣ ਦਾ ਮੁੱਖ ਕਾਰਨ ਏਸੀ ,ਫ੍ਰਿਜ ਵੱਡੀਆਂ ਗੱਡੀਆਂ ਅਤੇ ਹੋਰ ਕਈ ਸਾਧਨ ਵੀ ਹਨ ਜਿਨਾਂ ਵਿੱਚੋਂ ਨਿਕਲਦੀਆਂ ਜਹਰੀਲੀਆਂ ਗੈਸਾਂ ਦੇ ਕਾਰਨ ਵਾਤਾਵਰਨ ਪ੍ਰਦੂਸ਼ਣ ਹੁੰਦਾ ਹੈ , ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਿਗੜ ਰਹੇ ਵਾਤਾਵਰਨ ਨੂੰ ਸੰਤੁਲਨ ਵਿੱਚ ਕੀਤਾ ਜਾ ਸਕਦਾ ਹੈ,

ਇਸ ਮੌਕੇ ਕੁਲਦੀਪ ਸਿੰਘ, ਸੁਰਿੰਦਰ ਸਿੰਘ ਅਤੇ ਹਰਜੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ,

# ਐਨ.ਐਸ.ਐਸ. ਵਲੰਟੀਅਰਜ਼ ਵੱਲੋਂ ਝੁੱਗੀਆਂ ਝੌਂਪੜੀਆਂ ਵਾਲੇ ਖੇਤਰ ਵਿੱਚ ਇੱਕ ਦਿਨ ਦਾ ਸਪੈਸ਼ਲ ਕੈਂਪ ਲਗਾਇਆ




ਮਾਨਸਾ 13 ਜੁਲਾਈ (ਮਨੋਜ) ਸਰਕਾਰੀ ਆਈ. ਟੀ.ਆਈ. ਮਾਨਸਾ ਦੇ ਪ੍ਰੋਗਰਾਮ ਅਫਸਰ ਜਸਪਾਲ ਸਿੰਘ ਅਤੇ ਐਨ.ਐਸ.ਐਸ. ਵਲੰਟੀਅਰਜ਼ ਵੱਲੋਂ ਮਾਨਸਾ ਦੇ ਵਾਰਡ ਨੰ. 1 ਸਲੱਮ ਏਰੀਆ ਵਿੱਚ ਜਾਕੇ ਕੈਂਪ ਲਗਾਇਆ ਗਿਆ।ਪ੍ਰੋਗਰਾਮ ਅਫਸਰ ਜਸਪਾਲ ਸਿੰਘ ਨੇ ਉਥੇ ਦੇ ਰਹਿਣ ਵਾਲੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਆ ਰਹੀਆਂ ਬੱਚਿਆਂ ਨੂੰ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਰੋਜ ਨਹਾਉਣਾ ਚਾਹੀਦਾ ਹੈ। ਸਾਫ ਸਫਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਨੇਲਜ਼ ਪਰੋਪਰ ਕੱਟੇ ਹੋਣੇ ਚਾਹੀਦੇ ਹਨ ਜਿੰਨੀ ਜਿਆਦਾ ਗੰਦਗੀ ਹੋਵੇਗੀ। ਉਹਨੀਆਂ ਹੀ ਜਿਆਦਾ ਬਿਮਾਰੀਆਂ ਫੈਲਣਗੀਆਂ।

ਬਸਤੀ ਵਿੱਚ ਰਹਿਣ ਵਾਲੇ ਛੋਟੇ ਬੱਚਿਆਂ ਵੱਲੋਂ ਗੀਤ ਅਤੇ ਕਵਿਤਾਵਾਂ ਸੁਣਾ ਕੇ ਮਨੋਰੰਜਨ ਵੀ ਕੀਤਾ ਗਿਆ। ਕੈਂਪ ਦੌਰਾਨ ਮਾਹੌਲ ਇਨਾ ਦਿਲਚਸਪ ਬਣ ਗਿਆ ਕਿ ਸਾਰੇ ਆਪਸ ਵਿੱਚ ਘੁਲ-ਮਿਲ ਗਏ। ਸਾਰੇ ਬੱਚਿਆਂ ਨੂੰ ਕਾਪੀਆਂ,ਪੈਨ ਅਤੇ ਜਮੈਟਰੀ ਬਾਕਸ ਦਿੱਤੇ ਗਏ ਅਤੇ ਰਿਫ਼ਰੈਸ਼ਮੈਂਟ ਵਜੋਂ ਕੇਲੇ ਵੰਡੇ ਗਏ। ਕੈਂਪ ਵਿੱਚ 48 ਛੋਟੇ ਬੱਚਿਆਂ ਤੋਂ ਇਲਾਵਾ ਉਹਨਾਂ ਦੇ ਮਾਤਾ-ਪਿਤਾ ਹਾਜ਼ਰ ਸਨ। ਇਸ ਤੋ ਇਲਾਵਾ ਸਟੇਟ ਅਵਾਰਡੀ ਮਨੋਜ ਕੁਮਾਰ ਅਤੇ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਉਨਾ ਕਿਹਾ ਕਿ ਬਸਤੀ ਵਿੱਚ ਰਹਿਣ ਵਾਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਇਸ ਤੋ ਇਲਾਵਾ ਬੈਸਟ ਵਲੰਟੀਅਰ ਨਿਸ਼ਚਲਪ੍ਰੀਤ ਸਿੰਘ, ਵਿਨੋਦ ਕੁਮਾਰ, ਜਸਨ ਸਿੰਘ ਮਨਜੀਤ ਸਿੰਘ ਰਾਹੁਲ ਕੁਮਾਰ ਅਤੇ ਹੋਰ ਵੀ ਐਨ.ਐਸ.ਐਸ. ਵਲੰਟੀਅਰਜ਼ ਮੌਜੂਦ ਸਨ

# ਸਮਾਜਸੇਵੀ ਸੀਨੀਅਰ ਪੱਤਰਕਾਰ ਦੀਪਕ ਜੈਨ ਬਣੇ ਪ੍ਰੈਸ ਕਲੱਬ ਰਜਿ: ਜਗਰਾਉਂ ਦੇ ਪ੍ਰਧਾਨ




ਜਗਰਾਉਂ ( ਲੋਕ ਬਾਣੀ) ਪ੍ਰੈਸ ਕਲੱਬ ਰਜਿਸਟਰ ਜਗਰਾਉਂ ਦੀ ਅੱਜ ਸਥਾਨਕ ਡਿਸਪੋਜਲ ਰੋਡ ਤੇ ਪੈਂਦੇ ਹੋਟਲ ਡਾਇਨਿੰਗ ਡੀਲਾਈਟ ਵਿਖੇ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਸਰਬ ਸੰਮਤੀ ਨਾਲ ਸੀਨੀਅਰ ਪੱਤਰਕਾਰ ਦੀਪਕ ਜੈਨ ਨੂੰ ਕਲੱਬ ਦਾ ਨਵਾਂ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਸਾਬਕਾ ਪ੍ਰਧਾਨ ਸੁਖਦੀਪ ਨਾਹਰ ਨੇ ਆਪਣੀ ਟਰਮ ਪੂਰੀ ਹੋਣ ਮਗਰੋਂ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਨਵੇਂ ਪ੍ਰਧਾਨ ਦੀ ਚੋਣ ਵਾਸਤੇ ਮੀਟਿੰਗ ਦਾ ਸੱਦਾ ਦਿੱਤਾ ਸੀ ਅਤੇ ਸੁਖਦੀਪ ਨਾਹਰ ਨੇ ਪ੍ਰੈਸ ਕਲੱਬ ਰਜਿਸਟਰ ਦੇ ਸੰਵਿਧਾਨ ਮੁਤਾਬਕ ਸੀਨੀਅਰ ਮੀਤ ਪ੍ਰਧਾਨ ਦੀਪਕ ਜੈਨ ਨੂੰ ਪ੍ਰਧਾਨ ਬਣਾਏ ਜਾਣ ਬਾਰੇ ਸਹਿਮਤੀ ਦਿੱਤੀ, ਜਿਸ ਤੇ ਸਮੂਹ ਮੈਂਬਰਾਂ ਨੇ ਸਰਬ ਸੰਮਤੀ ਨਾਲ ਹਾਮੀ ਭਰੀ। ਇਸ ਮੌਕੇ ਪ੍ਰੈਸ ਕਲੱਬ ਦੇ ਨਵੇਂ ਬਣੇ ਪ੍ਰਧਾਨ ਦੀਪਕ ਜੈਨ ਨੇ ਕਿਹਾ ਕਿ ਰਵਾਇਤੀ ਤਰੀਕੇ ਨਾਲ ਹੀ ਉਹ ਆਪਣੀ ਕਾਰਜਕਾਰਨੀ ਟੀਮ ਬਣਾਉਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਪ੍ਰੈਸ ਕਲੱਬ ਜਗਰਾਓ ਰਜਿਸਟਰ ਵੱਲੋਂ ਪੱਤਰਕਾਰਾਂ ਨੂੰ ਆ ਰਹੀਆਂ ਦਰਵੇਸ਼ ਸਮੱਸਿਆਵਾਂ ਉੱਪਰ ਸਰਕਾਰ ਅਤੇ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਕੇ ਸੁਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਇਆ ਕਰੇਗੀ। ਉਹਨਾਂ ਕਿਹਾ ਕਿ ਪ੍ਰੈਸ ਕਲੱਬ ਰਜਿਸਟਰ ਜਗਰਾਓ ਸ਼ਹਿਰ ਅੰਦਰ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਵੀ ਵੱਧ ਚੜ ਕੇ ਹਿੱਸਾ ਲਿਆ ਕਰੇਗਾ। ਉਹਨਾਂ ਕਿਹਾ ਕਿ ਜਗਰਾਉਂ ਅੰਦਰ ਕਈ ਪ੍ਰੈਸ ਨਾਲ ਜੁੜੇ ਹੋਏ ਪੱਤਰਕਾਰ ਸਾਥੀ ਇਕੱਲੇ ਦੁਕੱਲੇ ਹੀ ਆਪਣੇ ਮਸਲੇ ਲੈ ਕੇ ਸਰਕਾਰੇ ਦਰਬਾਰੇ ਜਾਂਦੇ ਹਨ। ਉਹਨਾਂ ਕਿਹਾ ਕਿ ਸਾਡੇ ਵੱਲੋਂ ਅਜਿਹੇ ਪੱਤਰਕਾਰ ਭਰਾਵਾਂ ਨੂੰ ਖੁੱਲਾ ਸੱਦਾ ਹੈ ਕਿ ਉਹ ਪ੍ਰੈਸ ਕਲੱਬ ਜਗਰਾਓ ਰਜਿਸਟਰ ਦੇ ਬੈਨਰ ਹੇਠ ਆ ਕੇ ਸਾਡੇ ਨਾਲ ਜੁੜ ਸਕਦੇ ਹਨ ਤਾਂ ਕਿ ਪ੍ਰੈਸ ਦੀ ਏਕਤਾ ਅਤੇ ਅਖੰਡਤਾ ਹੋਰ ਮਜਬੂਤ ਹੋਵੇ। ਇਸ ਮੌਕੇ ਸਾਬਕਾ ਪ੍ਰਧਾਨ ਸੁਖਦੀਪ ਨਾਹਰ ਤੋਂ ਇਲਾਵਾ ਅਮਰਜੀਤ ਸਿੰਘ ਮਾਲਵਾ, ਚਰਨਜੀਤ ਸਿੰਘ ਚੰਨ, ਜਸਵਿੰਦਰ ਸਿੰਘ ਡਾਂਗੀਆ, ਪ੍ਰਤਾਪ ਸਿੰਘ, ਅਮਿਤ ਖੰਨਾ, ਪ੍ਰਦੀਪ ਜੈਨ, ਰਣਜੀਤ ਸਿੱਧਵਾਂ, ਪ੍ਰਦੀਪਪਾਲ, ਪਰਵੀਨ ਧਵਨ ਅਤੇ ਬਲਜੀਤ ਸਿੰਘ ਗੋਲਡੀ ਸਮੇਤ ਹੋਰ ਪੱਤਰਕਾਰ ਭਾਈਚਾਰੇ ਦੇ ਸਾਥੀ ਹਾਜ਼ਰ ਸਨ।

# ਲਾਇਨਜ਼ ਕਲੱਬ ਡੇਰਾਬਸੀ ਵੱਲੋਂ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਅਤੇ ਬੂਟ ਮੁਹੱਈਆ ਕਰਵਾਏ ਗਏ




ਡੇਰਾਬਸੀ, (ਲੋਕ ਬਾਣੀ) ਲਾਇਨਜ਼ ਕਲੱਬ ਡੇਰਾਬਸੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬਾਕਰਪੁਰ ਟੈਂਕੀ ਦੇ ਬੱਚਿਆਂ ਨੂੰ ਸਟੇਸ਼ਨਰੀ ਅਤੇ ਬੂਟ ਵੰਡੇ ਗਏ। ਇਸ ਮੌਕੇ ਹਲਕਾ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਆਪਣੇ ਹੱਥਾਂ ਨਾਲ ਬੱਚਿਆਂ ਨੂੰ ਸਟੇਸ਼ਨਰੀ, ਸਕੂਲ ਬੈਗ, ਕਿਤਾਬਾਂ ਅਤੇ ਬੂਟ ਦਿੱਤੇ। ਇਸ ਮੌਕੇ ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਨੀਤਨ ਜਿੰਦਲ, ਬਰਖਾ ਰਾਮ, ਉਪੇਸ ਬੰਸਲ, ਪਰਮਜੀਤ ਰੰਮੀ ,ਆਮ ਆਦਮੀ ਪਾਰਟੀ ਆਗੂ ਨਰੇਸ਼ ਉਪਨੇਜਾ, ਸੁਸ਼ੀਲ ਧੀਮਾਨ ਅਤੇ ਸਾਬਕਾ ਪ੍ਰਧਾਨ ਬਲਕਾਰ ਸਿੰਘ ਸਮੇਤ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਰਹੇ । ਕਲੱਬ ਦੇ ਪ੍ਰਧਾਨ ਨੇ ਕਿਹਾ ਕਿ ਲਾਇਨਜ਼ ਕਲੱਬ ਡੇਰਾਬਸੀ ਇਲਾਕੇ ਵਿੱਚ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਆਪਣਾ ਭਰਪੂਰ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਬੱਚਿਆਂ ਦੇ ਭਵਿੱਖ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਸਕੂਲ ਇੰਚਾਰਜ ਗੀਤਿਕਾ ਨੇ ਲਾਇਨਜ਼ ਕਲੱਬ ਦਾ ਧੰਨਵਾਦ ਕੀਤਾ।

# ਪੋਸਕੋ ਐਕਟ ਅਧੀਨ ਕਰਵਾਇਆ ਗਿਆ ਸੈਮੀਨਾਰ

## 18 ਸਾਲ ਤੋਂ ਘੱਟ ਉਮਰ ਦੇ ਲੜਕੇ ਤੇ ਲੜਕੀਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਪੋਕਸੋ ਐਕਟ ਕੀਤਾ ਗਿਆ ਲਾਗੂ: ਜ਼ਿਲ੍ਹਾ ਤੇ ਸੈਸ਼ਨ ਜੱਜ

ਫਤਹਿਗੜ੍ਹ ਸਾਹਿਬ, (ਲੋਕ ਬਾਣੀ)

ਸਕੂਲਾਂ, ਘਰਾਂ ਅਤੇ ਸਮਾਜ ਵਿੱਚ 18 ਸਾਲ ਤੋਂ ਘੱਟ ਉਮਰ ਦੇ ਨਾਬਾਲਗ ਲੜਕੇ ਅਤੇ ਲੜਕੀਆਂ ਨਾਲ ਮਾਪਿਆਂ, ਅਧਿਆਪਕਾਂ ਅਤੇ ਹੋਰ ਸਕੇ ਸਬੰਧੀਆਂ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਅਜਿਹਾ ਹਾਂ-ਪੱਖੀ ਵਿਵਹਾਰ ਕਰਨਾ ਚਾਹੀਦਾ ਹੈ ਤਾਂ ਜੋ ਇਸ ਉਮਰ ਵਿੱਚ ਬੱਚਿਆਂ ਦੇ ਮਨ ਵਿੱਚ ਆਪਣੇਪਣ ਦੀ ਭਾਵਨਾ ਜਾਗ੍ਰਿਤ ਹੋ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਰੁਣ ਗੁਪਤਾ ਨੇ ਜ਼ਿਲ੍ਹੇ ਦੇ ਸਰਕਾਰੀ ਹਾਈ ਸਮਾਰਟ ਸਕੂਲ ਡਡਹੇੜੀ ਵਿਖੇ ਬਾਲ ਸੁਰੱਖਿਆ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਜ਼ਿਲ੍ਹਾ ਪੱਧਰੀ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਨਾਬਾਲਗ ਲੜਕੇ ਅਤੇ ਲੜਕੀਆਂ ਦੇ ਸੰਤੁਲਿਤ ਵਿਕਾਸ ਲਈ ਸੁਰੱਖਿਅਤ ਮਾਹੌਲ ਪੈਦਾ ਕਰਨਾ ਅਤਿ ਜ਼ਰੂਰੀ ਹੈ।

ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਨੇ ਜਾਣਕਾਰੀ ਦਿੱਤੀ ਕਿ 18 ਸਾਲ ਤੋਂ ਘੱਟ ਉਮਰ ਦੇ ਲੜਕੇ ਅਤੇ ਲੜਕੀਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੋ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਇਸ ਐਕਟ ਅਧੀਨ ਲੜਕੇ ਤੇ ਲੜਕੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਨੂੰ ਸਖਤ ਸਜ਼ਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਸੰਵੇਦਨਸ਼ੀਲ ਵਿਸ਼ੇ ਤੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਵਿਚਾਰ ਚਰਚਾ ਕਰਨ ਤਾਂ ਜੋ ਵਿਦਿਆਰਥੀਆਂ ਨੂੰ ਚੰਗੇ ਤੇ ਮਾੜੇ ਵਤੀਰੇ ਦੀ ਪਹਿਚਾਣ ਹੋ ਸਕੇ।

ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀਮਤੀ ਦੀਪਤੀ ਗੋਇਲ ਨੇ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਪੈਸ਼ਲ ਵਿਦਿਆਰਥੀਆਂ ਲਈ ਵੀ ਪੋਕਸੋ ਐਕਟ ਵਿੱਚ ਵਿਸ਼ੇਸ਼ ਤੌਰ ਤੇ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਜੇਕਰ ਕਿਸੇ ਵੀ ਵਿਦਿਆਰਥੀ ਨੂੰ ਕਿਸੇ ਵੀ ਜਗ੍ਹਾ ਤੇ ਗਲਤ ਵਿਵਹਾਰ ਦਾ ਸਾਹਮਣਾ ਕਰਨਾ ਪਵੇ ਤਾਂ ਉਹ ਤੁਰੰਤ ਆਪਣੇ ਮਾਪਿਆਂ ਜਾਂ ਅਧਿਆਪਕਾਂ ਨੂੰ ਬਿਨ੍ਹਾ ਝਿਜਕ ਜਾਣੂ ਕਰਵਾਉਣ ਤਾਂ ਜੋ ਗਲਤ ਵਿਵਹਾਰ ਕਰਨ ਵਾਲੇ ਵਿਅਕਤੀ ਵਿਰੁੱਧ ਪੁਲਿਸ ਰਾਹੀਂ ਸਖਤ ਕਾਰਵਾਈ ਕੀਤੀ ਜਾ ਸਕੇ।

ਇਸ ਮੌਕੇ ਵਿਸ਼ਵ ਆਬਾਦੀ ਦਿਵਸ ਤੇ ਕਰਵਾਏ ਗਏ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲਿਆਂ ਦੇ ਜੇਤੂਆਂ ਨੂੰ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਸ਼੍ਰੀ ਅਰੁਣ ਗੁਪਤਾ ਨੇ ਸਰਟੀਫਿਕੇਟ ਅਤੇ ਪੌਦੇ ਵੀ




ਵੰਡੇ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀ ਹਰਭਜਨ ਸਿੰਘ ਮਹਿਮੀ ਨੇ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਆਉਣ ਸਮੇਂ ਵਿਦਿਆਰਥੀ ਚਾਈਲਡ ਹੈਲਪ ਲਾਈਨ ਨੰਬਰ 1098 ਤੇ ਸੰਪਰਕ ਕਰ ਸਕਦੇ ਹਨ। ਐਡਵੋਕੇਟ ਸ਼੍ਰੀ ਗਗਨਦੀਪ ਸਿੰਘ ਗੋਰਾਇਆ ਨੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਨਾ ਦਿੱਤੀ। ਇਸ ਸੈਮੀਨਾਰ ਵਿੱਚ ਐੱਸ.ਡੀ.ਐੱਮ ਅਮਲੋਹ ਸ਼੍ਰੀ ਕਰਨਵੀਰ ਸਿੰਘ, ਡੀ.ਐੱਸ.ਬੀ ਸ਼੍ਰੀ ਰਾਜੇਸ਼ ਛਿੱਬੜ, ਜ਼ਿਲ੍ਹਾ ਸਿੱਖਿਆ ਅਫਸਰ ਸ਼੍ਰੀਮਤੀ ਗਿੰਨੀ ਦੁੱਗਲ, ਮੁੱਖ ਅਧਿਆਪਕਾ ਸ੍ਰੀਮਤੀ ਸਰੀਤਾ ਤੋਂ ਇਲਾਵਾ ਅਧਿਆਪਕਾਂ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

# ਲੋਕਤੰਤਰ ਦੀ ਧਰੋਹਰ ਰਾਜਧਾਨੀ ਸਥਿਤ ਪ੍ਰਧਾਨਮੰਤਰੀ ਮਿਊਜ਼ੀਅਮ ਦਿੱਲੀ



ਇਸ ਵਾਰ ਦਿੱਲੀ ਫੇਰੀ ਦੌਰਾਨ ਪ੍ਰਧਾਨਮੰਤਰੀ ਮਿਊਜੀਅਮ ਜਾਣ ਦਾ ਅਵਸਰ ਪ੍ਰਾਪਤ ਹੋਇਆ ਕਿਉਂਕਿ ਪਿਛਲੇ ਸਮੇਂ ਵਿੱਚ ਕਾਫੀ ਚਰਚਾ ਦਾ ਵਿਸ਼ਾ ਬਣ ਗਿਆ ਸੀ, ਮੈਂ ਆਪਣੀ ਪਤਨੀ ਸਾਰਿਕਾ ਜਿੰਦਲ, ਬੱਚਿਆਂ ਨਾਲ ਦਿੱਲੀ ਸਥਿਤ ਧਰਮ ਪਤਨੀ ਦੀ ਭੈਣ ਸੀਨੀਅਰ ਖੇਤਰੀ ਆਡੇਟ ਅਫਸਰ ਅਪਰਨਾ ਜਿੰਦਲ ਨਾਲ ਪੰਜਾਬ ਭਵਨ ਗੱਡੀ ਪਾਰਕਿੰਗ ਕਰਕੇ ਤਿੰਨ ਮੂਰਤੀ ਮਾਰਗ ਰਾਹੀਂ ਪ੍ਰਧਾਨਮੰਤਰੀ ਮਿਊਜ਼ੀਅਮ ਪਹੁੰਚੇ, ਪ੍ਰਧਾਨਮੰਤਰੀ ਸਹਿਗ੍ਰਹਿਆਲਯ ਦੇ ਗੇਟ ਨੰਬਰ 2 ਰਾਹੀਂ ਪਹਿਚਾਣ ਪੱਤਰ ਤਸਦੀਕ ਕਰਵਾ ਕੇ ਅੰਦਰ ਐਂਟਰੀ ਕੀਤੀ, ਅੰਦਰ ਬਹੁਤ ਹੀ ਸੁੰਦਰ ਗਾਰਡਨ ਅਤੇ ਸਾਫ ਸਫਾਈ ਬਹੁਤ ਹੀ ਵਧੀਆ ਸੀ, ਇਸ ਜਗ੍ਹਾ ਦੀ ਸੰਪੂਰਨ ਜਾਣਕਾਰੀ ਪ੍ਰਾਪਤ ਕਰਦੇ ਹੋਏ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੇ ਇਤਿਹਾਸ ਨੂੰ ਜਾਣਿਆ। ਜੇਕਰ ਦਿੱਲੀ ਜਾਣ ਦਾ ਪ੍ਰੋਗਰਾਮ ਬਣੇ ਤਾਂ ਇਸ ਜਗ੍ਹਾ ਨੂੰ ਜ਼ੂਰ ਵੇਖਿਆ ਜਾਵੇ। ਆਓ ਇਸ ਜਗ੍ਹਾ ਬਾਰੇ ਜਾਣਕਾਰੀ ਪਠਨ ਕਰੀਏ।

ਪ੍ਰਧਾਨਮੰਤਰੀ ਮਿਊਜ਼ੀਅਮ : ਮੂਰਤੀ ਮਾਰਗ ਰੋਡ ਤੇ ਸਥਿਤ ਪ੍ਰਧਾਨਮੰਤਰੀ ਮਿਊਜ਼ਿਅਮ ਨੂੰ ਲੋਕ ਕਲਿਆਣ ਮਾਰਗ ਮੈਟਰੋ ਸਟੇਸ਼ਨ ਰਾਹੀਂ ਵੀ ਪਹੁੰਚਿਆ ਜਾ ਸਕਦਾ ਹੈ। ਲੋਕਤੰਤਰ ਦੇ ਸਭ ਤੋਂ ਵੱਡੇ ਮੁੱਖੀ ਪ੍ਰਧਾਨਮੰਤਰੀ ਸੰਬੰਧੀ ਕਾਰਜਾਂ ਸੰਬੰਧੀ, ਸਮੇਂ-ਸਮੇਂ ਦੇ ਇਤਿਹਾਸਕ ਫੈਸਲਿਆਂ ਨੂੰ ਵੇਖਿਆ ਜਾ ਸਕਦਾ ਹੈ। ਇਸਦੇ ਦੋ ਬਲਾਕ, ਬਲਾਕ-1 ਅਤੇ ਬਲਾਕ-2 ਹਨ, ਗੇਟ ਨੰ: 2 ਤੋਂ ਐਂਟਰੀ ਹੋਣ ਤੋਂ ਬਾਅਦ ਸਵਾਗਤ ਹਾਲ ਵਿੱਚ ਪਹੁੰਚਦੇ ਹੋਏ ਕੁਦਰਤੀ ਅਤੇ ਹਰਿਆਲੀ ਭਰਪੂਰ ਗਾਰਡਨ ਨੂੰ ਵੇਖਿਆ ਜਾ ਸਕਦਾ ਹੈ।

ਸਵਾਗਤ ਹਾਲ ਅਤੇ ਟਿਕਟ ਪ੍ਰਾਪਤ ਕਰਨਾ : ਸਵਾਗਤ ਹਾਲ ਵਿੱਚ ਪਹੁੰਚ ਕੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕਰਦੇ ਹੋਏ ਟਿਕਟ ਕਾਊਂਟਰ ਵੱਲ ਜਾਂਦੇ ਹਾਂ, ਟਿਕਟ ਦਾ ਰੇਟ 50 ਰੁਪਏ ਪ੍ਰਤੀ ਵਿਅਕਤੀ ਹੈ, ਸ਼ਨੀਵਾਰ ਅਤੇ ਐਤਵਾਰ ਨੂੰ 100 ਰੁ: ਲਗਦੇ ਹਨ, ਇੱਥੇ ਹੀ ਸੈਲਫੀ ਪ੍ਰਧਾਨ ਮੰਤਰੀ ਨਾਲ, ਪੈਦਲ ਤੁਰਨਾ ਪ੍ਰਧਾਨ ਮੰਤਰੀ ਨਾਲ, ਟਾਇਮ ਮਸ਼ੀਨ, ਹਵਾਈ ਯਾਤਰਾ, ਦਸਤਖਤ ਪੱਤਰ, ਯਾਤਰਾ ਸੰਬੰਧੀ ਟਿਕਟ ਆਦਿ ਪ੍ਰਾਪਤ ਕੀਤੇ ਜਾ ਸਕਦੇ ਹਨ, ਆਰਟੀਫਿਸ਼ਲ ਤਕਨੀਕ ਨਾਲ ਭਰਪੂਰ, ਪ੍ਰਧਾਨ ਮੰਤਰੀ ਮਿਊਜ਼ੀਅਮ ਵਿੱਚ ਜਾਣ ਲਈ ਸੁਨਣ ਯੰਤਰ ਗਾਇਡ ਵੀ ਪ੍ਰਾਪਤ ਕਰ ਸਕਦੇ ਹਨ, ਜਿਸਦੀ ਟਿਕਟ 50 ਰੁਪਏ ਹੈ।

ਬਲਾਕ-1 ਰਾਹੀਂ ਅਦਭੁੱਤ ਯਾਤਰਾ ਦੀ ਸ਼ੁਰੂਆਤ : ਬਲਾਕ-1 ਦੀ ਇਮਾਰਤ ਸੰਸਦੀ ਭਵਨ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਉਨ੍ਹਾਂ ਦੇ ਸੰਤਭ ਉਸੇ ਤਰ੍ਹਾਂ ਬਣੇ ਹੋਏ ਹਨ। ਬਲਾਕ-1 ਵਿੱਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ ਨੂੰ ਸੰਬੰਧਿਤ ਬਹੁਤਾਤ ਜਾਣਕਾਰੀ ਹੈ, ਜਿਸ ਵਿੱਚ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਨਹਿਰੂ ਜੀ ਸੰਬੰਧਿਤ ਸਮਾਨ ਜਿਵੇਂ ਉਹਨਾਂ ਦੀ ਜਾਕੇਟ, ਬੈਟ, ਸੋਟੀ, ਟੋਪੀ ਆਦਿ ਸਮਾਨ ਸੰਬੰਧਿਤ ਤੋਸਾ ਖਾਨਾ ਬਾਹਰਲੇ ਦੇਸ਼ਾਂ ਤੋਂ ਪ੍ਰਾਪਤ ਉਪਹਾਰ ਆਦਿ ਇਸ ਦੇ ਨਾਲ ਹੀ ਇੰਦਰਾ ਗਾਂਧੀ ਦਾ ਕਮਰਾ, ਪੁਸਤਕ ਘਰ, ਨਿੱਜੀ ਦਫਤਰ ਬੈਠਕ ਹਾਲ ਵੀ ਵੇਖੇ ਜਾ ਸਕਦੇ ਹਨ। ਰਾਜੀਵ ਗਾਂਧੀ ਨਾਲ ਸੰਬੰਧਿਤ ਕਮਰਾ ਬੈਠਕ ਹਾਲ, ਦਫਤਰ ਆਦਿ ਸਥਿਤ ਹਨ।

ਸੰਵਿਧਾਨ ਦੀ ਸੰਪੂਰਨ ਜਾਣਕਾਰੀ : ਬਲਾਕ-1 ਦੀ ਇਮਾਰਤ ਵਿੱਚ ਸੰਵਿਧਾਨ ਦੀ ਸੰਪੂਰਨ ਜਾਣਕਾਰੀ ਏ.ਆਈ., ਡਿਜੀਟਲ ਤਕਨੀਕ ਰਾਹੀਂ ਦਿੱਤੀ ਗਈ ਹੈ, ਖਰੜੇ ਦੀ ਪੂਰੀ ਜਿਲਦ ਟੱਚ ਸਕੀਨ ਰਾਹੀਂ ਪੇਸ਼ ਕੀਤੀ ਗਈ ਹੈ। ਡਾ. ਰਜਿੰਦਰ ਪ੍ਰਸਾਦ ਦੀ ਪ੍ਰਤੀਮਾ, ਵੱਖ-ਵੱਖ ਕਾਨੂੰਨਦਾਨਾਂ ਨਾ ਪੱਤਰ ਵਿਵਹਾਰ, ਵੱਖ ਭਾਸ਼ਾਵਾਂ ਵਿੱਚ ਸੰਵਿਧਾਨ ਦੀ ਕਿਤਾਬ, ਦੇਸ਼ ਦੀ ਆਜ਼ਾਦੀ ਤੋਂ ਬਾਅਦ ਸੰਵਿਧਾਨ ਸਭਾ ਦਾ ਗਠਨ, ਮੈਂਬਰ, ਸਮੇਂ ਸਮੇਂ ਦੀਆਂ ਸੋਧਾਂ ਦੀ ਪੂਰੀ ਜਾਣਕਾਰੀ ਸੁਨਣ, ਪਠਨ ਸਮੱਗਰੀ ਦੇ ਰੂਪ ਵਿੱਚ ਵਿਸਥਾਰਪੂਰਵਕ ਪੇਸ਼ ਕੀਤੀ ਗਈ ਹੈ। ਸੰਵਿਧਾਨ ਸਭਾ ਦੀ ਹਰ ਛੋਟੀ ਵੱਡੀ ਮਹੱਤਵਪੂਰਨ ਜਾਣਕਾਰੀ ਬਹੁਤ ਹੀ ਸਰਲ ਰੂਪ ਵਿੱਚ ਸਮਝੀ ਤੇ ਵੇਖੀ ਜਾ ਸਕਦੀ ਹੈ। ਇਸਤੋਂ ਇਲਾਵਾ ਭਾਰਤ ਦਾ ਰਾਸ਼ਟਰੀ ਚਿੰਨ ਤਿੰਨ ਮੂਰਤੀ ਖਿੱਚ ਦਾ ਕੇਂਦਰ ਹੈ।

ਬਲਾਕ-2 : ਪ੍ਰਧਾਨਮੰਤਰੀ ਮਿਊਜ਼ੀਅਮ ਦਾ ਬਲਾਕ 2 ਅਤਿ ਆਧੁਨਿਕ ਤਕਨੀਕ ਦਾ ਨਮੂਨਾ ਹੈ, ਮਨਸੂਈ ਬੁੱਧੀ ਦੇ ਨਾਲ ਨਾਲ ਤਕਨੀਕ ਦੀ ਵਰਤੋਂ ਕੀਤੀ ਗਈ ਹੈ।

ਅਸ਼ੋਕ ਚੱਕਰ ਚਿੰਨ ਇਮਾਰਤ : ਬਲਾਕ-2 ਦੀ ਇਮਾਰਤ ਦੀ ਛੱਤ ਅਸ਼ੋਕ ਚੱਕਰ ਚਿੰਨ ਦੇ ਅਧਾਰ ਤੇ ਬਣੀ ਹੋਈ ਹੈ। ਇਮਾਰਤ ਦੇ ਸਾਹਮਣੇ ਵੱਡਾ ਪਾਰਕ, ਬਾਗ ਖਿੱਚ ਦਾ ਕੇਂਦਰ ਹੈ। ਬਾਹਰੀ ਦ੍ਰਿਸ਼ ਜਿੰਨਾ ਅਦਭੁੱਤ ਹੈ, ਅੰਦਰੂਨੀ ਦ੍ਰਿਸ਼ ਆਧੁਨਿਕ ਭਾਰਤ ਦੀ ਤਸਵੀਰ ਹੈ।

ਲੇਜ਼ਰ ਸ਼ੋਅ : ਸ਼ਾਮ ਦੇ ਸਮੇਂ 6:30 ਤੋਂ 7:30 ਵਜੇ ਤੱਕ ਲੇਜਰ ਸ਼ੋਅ ਵਿਖਾਇਆ ਜਾਂਦਾ ਹੈ, ਜਿਸ ਵਿੱਚ ਭਾਰਤੀ ਇਤਿਹਾਸ ਦੀ ਗਾਥਾ, ਭਾਰਤ ਦੀ ਵੱਖ ਵੱਖ ਖੇਤਰਾਂ ਵਿੱਚ ਤਰੱਕੀ ਦਾ ਵਰਨਣ ਕੀਤਾ ਗਿਆ ਹੈ।

ਪ੍ਰਧਾਨਮੰਤਰੀ ਸੈਲਫੀ ਕੇਂਦਰ, ਪੱਤਰ ਦਸਤਖਤ : ਬਲਾਕ-2 ਵਿੱਚ ਡਿਜੀਟਲ ਛੱਤ ਰਾਸ਼ਟਰੀ ਝੰਡੇ ਦੇ ਰੰਗਾਂ ਵਾਂਗ ਪ੍ਰਤੀਤ ਹੁੰਦੀ ਹੈ। ਜਿਸ ਵਿੱਚ 50 ਰੁਪਏ ਦੇ ਕੇ ਪ੍ਰਧਾਨਮੰਤਰੀ ਨਾਲ ਸੈਲਫੀ ਫੋਟੋ, ਪ੍ਰਧਾਨ ਮੰਤਰੀ ਦੇ ਦਸਤਖਤਾਂ ਨਾਲ ਪੱਤਰ ਪ੍ਰਾਪਤ ਕੀਤੇ ਜਾ ਸਕਦੇ ਹਨ।

ਪ੍ਰਧਾਨਮੰਤਰੀ ਕਾਰਜ ਦੀ ਜਾਣਕਾਰੀ : ਇਸ ਬਲਾਕ ਵਿੱਚ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਦੇ ਪ੍ਰਧਾਨਮੰਤਰੀਆਂ ਦਾ ਕਾਰਜ ਕਾਲ ਜੀਵਨ ਅਤੇ ਪਦ ਤੇ ਰਹਿੰਦੇ ਹੋਏ ਦੇਸ਼ ਲਈ ਮਹੱਤਵਪੂਰਨ ਕਾਰਜਾਂ ਦਾ ਵਿਸਥਾਰਪੂਰਵਕ ਡਿਜਿਟਲ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ, ਵਿਸ਼ੇਸ਼ ਕੰਮਾਂ ਦਾ ਵਰਨਣ ਬਹੁਤ ਹੀ ਸੁੰਦਰ ਦ੍ਰਿਸ਼ਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਸੰਚਾਰ ਕ੍ਰਾਂਤੀ, ਸਰਵ ਸਿੱਖਿਆ ਅਭਿਆਨ, ਪੋਖਰਨ ਜੈ ਜਵਾਨ ਜੈ ਕਿਸਾਨ, ਆਰਥਿਕ ਸੁਧਾਰ, ਵਿਦੇਸ਼ ਸੰਧੀ ਆਦਿ ਦੇ ਦ੍ਰਿਸ਼ ਮਨਮੋਹਕ ਹਨ, ਟਾਇਮ ਮਸ਼ੀਨ, ਹਵਾਈ ਯਾਤਰਾ, ਆਰਟੀਫਿਸ਼ਲ ਇੰਟੈਲੀਜੈਂਸੀ ਰਾਹੀਂ ਟਾਈਮ ਮਸ਼ੀਨ ਰਾਹੀਂ ਸਮੇਂ ਦੇ ਚੱਕਰ ਵਿੱਚ ਭਾਰਤ ਦੀਆਂ ਉਪਲਬਧੀਆਂ, ਹਵਾਈ ਯਾਤਰਾ ਰਾਹੀਂ ਧੌਲਾ ਸੇਤੂ, ਚਿਨਾਬ ਸੇਤੂ, ਅਟਲ ਸੁਰੰਗ ਦੀ ਯਾਤਰਾ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਹੈਲੀਕਾਪਟਰ ਰਾਹੀਂ ਜਾ ਰਹੇ ਹਾਂ।

ਸਪੇਸ ਸੈਂਟਰ : ਸਪੇਸ ਸੈਂਟਰ ਰਾਹੀਂ ਭੁਚਾਲ, ਹਲਚਲ ਦਾ ਅਨੁਭਵ ਹੁੰਦਾ ਹੈ, ਪ੍ਰਮਾਣੂ ਪੋਖਰਨ ਦੇ ਸਥਾਨ ਤੇ ਖੜੇ ਪ੍ਰਤੀਤ ਹੁੰਦੇ ਹਨ।

ਬਲਾਕ-2 ਦੇ ਵਿੱਚ ਹਰ ਸਾਲ ਦੀਆਂ ਉਪਲਬਧੀਆਂ ਬਲਾਕ-2 ਵਿੱਚ ਹਰ ਸਾਲ ਦੀਆਂ ਉਪਲਬਧੀਆਂ ਵਿਖਾਈ ਦਿੰਦੀਆਂ ਹਨ। 1947 ਤੋਂ ਲੈ ਕੇ 2024 ਤੱਕ ਖੇਡ ਜਗਤ ਸਿੱਖਿਆ, ਰਾਜਨੀਤਿਕ, ਸਾਇੰਸ, ਤਕਨੀਕੀ, ਹਰੀ ਕ੍ਰਾਂਤੀ, ਸਫੇਦ ਕ੍ਰਾਂਤੀ, ਵਰਲਡ ਕੱਪ ਜਿੱਤ ਆਦਿ ਹਰ ਪ੍ਰਾਪਤੀ ਨੂੰ ਪੇਸ਼ ਕੀਤਾ ਗਿਆ ਹੈ।

ਵਿਦਿਆਰਥੀ ਵਰਗ ਲਈ ਗਿਆਨ ਦਾ ਸੋਮਾ : ਕਿਹਾ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਮਿਊਜ਼ੀਅਮ ਗਿਆਨ ਵਿਗਿਆਨ, ਇਤਿਹਾਸ ਦਾ ਬਹੁਤ ਵੱਡਾ ਸੋਮਾ ਹੈ। ਜੋ ਵਿਦਿਆਰਥੀ ਵਰਗ ਲਈ ਗਿਆਨ ਨੂੰ ਸਮਝਣ ਦਾ ਪ੍ਰਤੱਖ ਪ੍ਰਤੀਕ ਹੈ।

ਪ੍ਰਧਾਨਮੰਤਰੀ ਤੋਸ਼ਾਖਾਨਾ : ਪ੍ਰਧਾਨ ਮੰਤਰੀ ਤੋਸ਼ਾ ਖਾਨਾ ਮਿਊਜ਼ੀਅਮ ਦੀ ਸ਼ਾਨ ਹੈ, ਜਿਸ ਵਿੱਚ ਪਹਿਲੇ ਪ੍ਰਧਾਨਮੰਤਰੀ ਤੋਂ ਲੈ ਕੇ ਹੁਣ ਤੱਕ ਦੇ ਪ੍ਰਧਾਨਮੰਤਰੀ ਵੱਲੋਂ ਵਿਦੇਸ਼ੀ ਦੌਰੇ ਦੌਰਾਨ ਪ੍ਰਾਪਤ ਉਪਹਾਰ ਰੱਖੇ ਗਏ ਹਨ, ਬਹੁਤ ਸਾਰੇ ਦੇਸ਼ਾਂ ਦੇ ਰਾਸ਼ਟਰੀ ਪ੍ਰਤੀਕ, ਮਹੱਤਵਪੂਰਨ ਸਥਾਨਾਂ ਨਾਲ ਸੰਬੰਧਿਤ ਮਾਡਲ, ਵਾਤਾਵਰਨ, ਫਸਲ, ਮੁੱਖ ਚਿੰਨ, ਮੁੱਖ ਕਾਰਜ, ਰਾਸ਼ਟਰੀ ਧਰੋਹਰ ਨਾਲ ਸੰਬੰਧਿਤ ਚਿੰਨ ਆਦਿ ਦੇ ਰੂਪ ਵਿੱਚ ਹਨ, ਵੇਖਣ ਵਿੱਚ ਅਨੁਭਵ ਹੋਇਆ ਕੀ ਤੋਸ਼ਾਖਾਨਾ ਦੇ ਉਪਹਾਰ ਸੰਬੰਧਿਤ ਦੇਸ਼ ਦੀ ਸੰਸਕ੍ਰਿਤੀ ਦਾ ਪ੍ਰਤੀਨਿੱਧ ਕਰਦੇ ਹਨ।

ਅੰਤ ਅਸੀਂ ਇਸ ਰੋਮਾਂਚਕ ਜਗ੍ਹਾ ਰਾਹੀਂ ਭਾਰਤ ਦੇ ਭੂਤਕਾਲ, ਵਰਤਮਾਨ ਅਤੇ ਭਵਿੱਖ ਨੂੰ ਵੇਖਿਆ ਨਾਲ ਹੀ ਆਧੁਨਿਕ ਭਾਰਤ ਦੀ ਆਉਣ ਵਾਲੇ ਸਮੇਂ ਦਾ ਅਨੁਭਵ ਕੀਤਾ, ਸਮਾਜਿਕ, ਰਾਜਨੀਤਿਕ, ਇਤਿਹਾਸਿਕ, ਆਰਥਿਕ, ਸੱਭਿਆਚਾਰਕ, ਸੰਸਕ੍ਰਿਤਕ ਗਤੀਵਿਧੀਆਂ ਦੀ ਮਿਸਾਲ ਇਸ ਮਿਊਜ਼ੀਅਮ ਰਾਹੀਂ ਵੇਖੀ ਜਾ ਸਕਦੀ ਹੈ। ਸਾਡੀ ਦਿੱਲੀ ਫੇਰੀ ਦਾ ਅੰਤ ਇਸ ਰੁਮਾਂਚਕ ਜਾਣਕਾਰੀ ਨਾਲ ਸਮਾਪਤ ਹੋਇਆ।

ਜੈ ਹਿੰਦ।

**ਅਵਨੀਸ਼ ਲੌਂਗੋਵਾਲ,**
**ਜਿਲ੍ਹਾ ਸੰਗਰੂਰ/ਬਰਨਾਲਾ**

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282